੧ੴ ਵਾਹਿਗੁਰੂ ਜੀ ਕੀ ਫ਼ਤਹ॥


ਮਾਸਿਕ ਪੱਤਰ

# ਸੂਰਾ

ਲੁਧਿਆਣਾ

# SURA Monthly

Ludhiana

SEPT. 1999 ਸਤੰਬਰ ੧੯੯੯


## ਵਾਹੁ ਵਾਹੁ ਬਾਣੀ ਨਿਰੰਕਾਰ ਹੈ ਤਿਸੁ ਜੇਵਡੁ ਅਵਰੁ ਨ ਕੋਇ ॥



www.AKJ.Org

# ਸ੍ਰੀ ਗੁਰੂ ਗ੍ਰੰਥ ਸਾਹਿਬ ਜੀ

ਸ੍ਰੀ ਗੁਰੂ ਗ੍ਰੰਥ ਸਾਹਿਬ ਅਜਿਹੇ ਸੁੱਚੇ ਮੋਤੀਆਂ ਦਾ ਖਜ਼ਾਨਾ ਹਨ ਜੋ ਮਾਨਵੀ ਆਤਮਾ ਨੂੰ ਚਮਕਾ ਦਿੰਦੇ ਹਨ। ਮਨੁੱਖ ਮਾਤਰ ਨੂੰ ਬੇਹਤਰੀਨ ਢੰਗਾਂ ਨਾਲ ਅਕਾਲ ਪੁਰਖ ਨਾਲ ਰਸਾਈ ਕਰਨ ਦੀ ਲਾਸਾਨੀ ਸਿਖਿਆ ਗੁਰੂ ਗ੍ਰੰਥ ਸਾਹਿਬ ਦੇ ਪਵਿਤਰ 1430 ਪੰਨਿਆਂ ਵਿਚ ਅੰਕਤ ਹੈ ਜੋ ਹਰ ਇਕ ਪੰਗਤੀ ਹਰ ਇਕ ਸਲੋਕ ਹਰ ਇਕ ਸ਼ਬਦ ਵਿਚ ਸੁਲੱਭ ਹੈ। 12ਵੀਂ ਸਦੀ ਤੋਂ ਲੈ ਕੇ 17ਵੀਂ ਸਦੀ ਤਕ ਦੇ ਪੰਜ ਸੌ ਸਾਲ ਦੇ ਅਰਸੇ ਵਿਚ ਵਿਚਰੇ 36 ਮਹਾਂ ਪੁਰਸ਼ਾਂ ਦੀ ਬਾਣੀ ਗੁਰੂ ਗ੍ਰੰਥ ਸਾਹਿਬ ਵਿਚ ਸੁਭਾਇਮਾਨ ਹੈ। ਇਨ੍ਹਾਂ ਮਹਾਂਪੁਰਸ਼ਾਂ ਵਿਚੋਂ 6 ਸਿੱਖ ਗੁਰੂ ਸਾਹਿਬਾਨ ਹਨ, ਭਾਰਤ ਦੇ ਵਖ ਵਖ ਹਿਸਿਆਂ ਵਿਚ ਵਿਚਰੀਆਂ 15 ਹਿੰਦੂ, ਬ੍ਰਾਹਮਣ, ਮੁਸਲਮਾਨ, ਗੁਰਸਿਖ ਸਾਹਿਬਾਨ ਹਸਤੀਆਂ ਹਨ ਅਤੇ 11 ਅਰਸ਼ੀ ਭਟਾਂ ਦੀ ਅਲਾਹੀ ਬਾਣੀ ਵੀ ਗੁਰੂ ਗ੍ਰੰਥ ਸਾਹਿਬ ਵਿਚ ਅਨਿਖੜਵੇਂ ਅੰਗ ਦੇ ਰੂਪ ਵਿਚ ਮੂਰਤੀਮਾਨ ਹੈ।

ਕਿਸੇ ਮਹਾਂਪੁਰਸ਼ ਦੀ ਬਾਣੀ ਨੂੰ ਗੁਰੂ ਗ੍ਰੰਥ ਸਾਹਿਬ ਵਿਚ ਸੰਮਿਲਤ ਕਰਨ ਲਈ ਉਸ ਦੀ ਜ਼ਾਤ-ਪਾਤ, ਧਰਮ ਕਰਮ, ਇਲਾਕੇ ਤੇ ਭਾਸ਼ਾ ਦਾ ਖ਼ਿਆਲ ਨਹੀਂ ਰਖਿਆ ਗਿਆ। ਕੇਵਲ ਇਕੋ ਧਾਰਨਾ ਇਹੀ ਸਾਹਮਣੇ ਰਖੀ ਗਈ ਕਿ ਅਜਿਹੀ ਬਾਣੀ ਹੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹੋ ਕੇ ਗੁਰੂ ਰੂਪ ਅਖਵਾਏ ਜੋ ਗੁਰ ਆਸ਼ੇ ਅਨੁਸਾਰ ਹੋਵੇ ਅਤੇ ਮਨੁੱਖ ਦੀ ਹਉਮੈ, ਹੰਕਾਰ ਤਕੱਬਰ, ਈਰਖਾ, ਬਖੀਲੀ, ਕਾਮ, ਕਰੋਧ, ਲਾਲਚ, ਲੋਭ, ਮੋਹ ਦੀ ਤੀਬਰਤਾ ਨੂੰ ਖਤਮ ਕਰਕੇ ਉਸ ਨੂੰ ਇਸ ਸੰਸਾਰ ਵਿਚ ਵਿਚਰ ਕੇ ਆਪਣੀ ਨੇਕ ਕਿਰਤ ਸਦਕਾ ਜੀਵਨ ਜੀਣ ਦੀ ਜਾਚ ਦਸਦਿਆਂ ਹੋਇਆਂ ਉਸ ਨੂੰ ਸਤਿ, ਸੰਤੋਖ, ਸਿਮਰਨ ਤੇ ਸੇਵਾ ਦੇ ਮਾਰਗ ਤੇ ਅਗੇ ਤੋਰਨ ਵਿਚ ਉਸ ਦਾ ਪਥ ਪ੍ਰਦਰਸ਼ਨ ਕਰ ਸਕੇ।

ਹੁਣ ਸਾਰੀ ਦੁਨੀਆਂ ਇਸ ਗਲ ਦੀ ਕਾਇਲ ਹੋ ਰਹੀ ਹੈ ਕਿ ਗੁਰੂ ਗ੍ਰੰਥ ਸਾਹਿਬ ਵਿਸ਼ੇ ਦੇ ਪਖ ਤੋਂ ਅਤੇ ਇਸ ਦੇ ਰਚਨਹਾਰਿਆਂ ਦੀ ਵਿਭਿੰਨ ਪਰਕਾਰੀ ਧਾਰਮਿਕ ਰੰਗਤ ਦੇ ਪਖ ਤੋਂ ਇਕ ਸੈਕੂਲਰ ਧਾਰਮਿਕ ਗ੍ਰੰਥ ਹੈ ਜੋ ਮਾਨਵਤਾ ਦੀ ਸਮੁੱਚੀ ਅਗਵਾਈ ਕਰਨ ਦੀ ਭਰਪੂਰ ਸਮਰਥਾ ਰਖਦਾ ਹੈ। ਅਲਾਹੀ ਬਾਣੀ ਦਾ ਇਹ ਭੰਡਾਰ ਸਿਖ ਲਈ ਸਤਿਕਾਰੀ ਗੁਰੂ ਹੈ ਤੇ ਜੋ ਵੀ ਸ਼ਰਧਾ ਨਾਲ ਆਪਣੇ ਆਪ ਨੂੰ ਇਸ ਸ਼ਬਦ ਗੁਰੂ ਅਗੇ ਸਮਰਪਤ ਕਰਦਾ ਹੈ ਗੁਰੂ ਉਸ ਨੂੰ ਨਿਹਾਲ ਕਰਦਾ ਹੈ।

www.AKJ.Org

ਜਾ ਕਉ ਹਰਿ ਰੰਗੁ ਲਾਗੋ ਇਸੁ ਜੁਗ ਮਹਿ ਸੋ ਕਹੀਅਤ ਹੈ ਸੂਰਾ॥

# ਸੂਰਾ

ਮਾਸਿਕ ਪੱਤਰ

ਚੰਦਿਆਂ ਦਾ ਵੇਰਵਾ

| | | |
|---|---|---|
| ਦੇਸ਼ ਸਾਲਾਨਾ | | 40ਰੁ: |
| ਅਮਾਨਤੀ ਲਾਈਫ਼ ਮੈਂਬਰ | | 400ਰੁ: |
| ਵਿਦੇਸ਼ | ਸਮੁੰਦਰੀ ਡਾਕ | ਹਵਾਈ ਡਾਕ |
| ਸਾਲਾਨਾ | 140ਰੁ: | 400ਰੁ: |
| ਅਮਾਨਤੀ ਲਾਈਫ ਮੈਂਬਰ | 1400 ਰੁ: | 4000 ਰੁ: |

ਅਖੰਡ ਕੀਰਤਨੀ ਜੱਥੇ ਵਲੋਂ ਨਿਰੋਲ ਗੁਰਮਤਿ ਮਾਸਿਕ ਪੱਤਰ

Sura-Internet passward- WWW.SURA-INTERNATIONAL.COM

ਜਿਲਦ ੩੩ ਸਤੰਬਰ ੧੯੯੯ ਅੰਕ ੯

## ਗੁਰਪੁਰਬ ਤੇ ਇਤਿਹਾਸਕ ਦਿਹਾੜੇ

(ਨਾਨਕਸ਼ਾਹੀ ਕਲੰਡਰ ਅਨੁਸਾਰ)

| | |
|---|---|
| ਪ੍ਰਕਾਸ਼ ਦਿਵਸ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ | - 1 ਸਤੰਬਰ |
| ਜੋਤੀ ਜੋਤਿ ਪਾ: ਤੀਜੀ ਅਤੇ ਚੌਥੀ | - 16 ਸਤੰਬਰ |
| ਗੁਰਗੱਦੀ ਪਾ: ਚੌਥੀ ਅਤੇ ਪੰਜਵੀਂ | - 16 ਸਤੰਬਰ |
| ਗੁਰਗੱਦੀ ਪਾਤਸ਼ਾਹੀ ਦੂਜੀ | - 18 ਸਤੰਬਰ |
| ਜੋਤੀ ਜੋਤਿ ਪਾ: ਪਹਿਲੀ | - 22 ਸਤੰਬਰ |
| ਮੇਲਾ ਗੋਇੰਦਵਾਲ ਸਾਹਿਬ | - 16 ਸਤੰਬਰ |
| ਜਨਮ ਦਿਨ ਸਾ: ਜੁਝਾਰ ਸਿੰਘ ਜੀ | - 28 ਸਤੰਬਰ |

*ਟਾਈਟਲ ਫੋਟੋ*

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਵਨ ਸਰੂਪ ਸੁਨਿਹਰੀ ਪਾਲਕੀ ਵਿਚ ਹਰਿਮੰਦਰ ਸਾਹਿਬ ਵਿਖੇ ਪ੍ਰਕਾਸ਼ ਲਈ ਲਿਜਾਣ ਸਮੇਂ ਦਾ ਦ੍ਰਿਸ਼

**ਚੰਦਾ ਭੇਜਣ ਦਾ ਪਤਾ**

ਸੂਰਾ ਮਾਸਿਕ ਪੱਤਰ ਗੁ: ਸਿੰਘ ਸਭਾ
ਮਾਡਲ ਟਾਊਨ ਲੁਧਿ: 141002
Tel. 0161-428194
Fax 0161-536340,532147

ਟਾਈਟਲ ਡਿਜ਼ਾਈਨ : ਜਸਬੀਰ ਸਿੰਘ ਲੁਧਿਆਣਾ

ਕੰਪਿਊਟਰ ਟਾਈਪ ਸੈਟਿੰਗ : ਮਾਈਕਰੋਨਿਕਸ ਕੰਪਿਊਟਰਜ (ਇੰਡੀਆ), ਡੀ-੧੩, ਬਲਾਕ-੧੦, ਪਾਹਵਾ ਰੋਡ, ਲੁਧਿਆਣਾ ਫੋਨ : 543591

## ਤਤਕਰਾ


- ਕਾਚੇ ਗੁਰ ਤੇ ਮੁਕਤਿ ਨ ਹੂਆ............... ੨
- ਭੱਟਾਂ ਦੀ ਦਿਬ ਦ੍ਰਿਸ਼ਟੀ......................... ੯
- ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚੋਂ ਲਿਆ ਗਿਆ ਪਹਿਲਾ ਹੁਕਮਨਾਮਾ............................ ੧੨
- ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਮਹੱਤਤਾ.... ੧੩
- ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚਲੀ ਬਾਣੀ ਦਾ ਵੇਰਵਾ.................................................. ੧੪
- ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਆਏ ਰਾਗਾਂ ਬਾਰੇ ਜਾਣਕਾਰੀ........................... ੧੬
- ਸਿੱਖ ਸੰਗਤਾਂ ਨੂੰ ਇੱਕ ਸੁਨੇਹਾ (ਕਵਿਤਾ)........... ੨੨
- ਧੁਰ ਕੀ ਬਾਣੀ ਆਈ.................................. ੨੩
- ਸਲੋਕ ਭਗਤ ਕਬੀਰ ਜੀ (Translation)....... ੨੫
- ਖੁਦਗਰਜ਼ ਪੰਥਕ ਲੀਡਰਾਂ ਨੂੰ (ਕਵਿਤਾ)............... ੨੭
- ਆਰਿਆਂ ਹੇਠ ਡੋਲਦੇ ਨਹੀ (ਕਵਿਤਾ)............ ੨੮
- ਗੁਰਬਾਣੀ ਸ਼ੁੱਧ ਉਚਾਰਨ............................... ੨੯
- ਕਰਮ ਫ਼ਿਲਾਸਫ਼ੀ........................................ ੩੨
- ਸਿੱਖੀ ਦਾ ਤਾਜ ਦਸਤਾਰ (ਕਵਿਤਾ).............. ੩੭
- ਸੂਰਾ ਦੇ ਵੱਖ-ਵੱਖ ਸ਼ਹਿਰਾਂ ਵਿਚ ਸੇਵਾਦਾਰ...... ੩੮
- ਕੀਰਤਨ ਸਰਗਰਮੀਆਂ............................. ੩੯


ਡਿਜ਼ਾਈਨ ਕਰਾਫਟ ਗਿੱਲ ਰੋਡ ਲੁਧਿਆਣਾ ਤੇ ਛਪਵਾ ਕੇ ਹਰਬੰਸ ਸਿੰਘ ਪ੍ਰਿੰਟਰ ਪਬਲਿਸਰ ਤੇ ਸੰਪਾਦਕ ਨੇ ਅਖੰਡ ਕੀਰਤਨੀ ਜਥੇ ਵਲੋਂ ੧੨-ਆਈ, ਭਾਈ ਰਣਧੀਰ ਸਿੰਘ ਨਗਰ, ਲੁਧਿਆਣਾ ਤੋਂ ਪ੍ਰਕਾਸਤ ਕੀਤਾ।

# ਕਾਚੇ ਗੁਰ ਤੇ ਮੁਕਤਿ ਨ ਹੂਆ

(ਵਲੋਂ-ਗੁਰਪੁਰ ਵਾਸੀ ਭਾਈ ਸਾਹਿਬ ਰਣਧੀਰ ਸਿੰਘ ਜੀ)

'ਏਕ ਜੋਤਿ ਦੁਇ ਮੂਰਤੀ' ਵਾਲਾ ਸ਼ਬਦ-ਮਿਲਾਵਾ ਕਰਾਵਣਹਾਰ ਸਤਿਗੁਰੂ ਰੂਪ ਸੱਚੇ ਅੰਮ੍ਰਿਤ-ਕੁੰਡ ਨੂੰ ਛੱਡ ਕੇ ਜੋ ਬਿਖਲੀਪਤ ਬੁਧੀ ਵਾਲੇ ਅਲਪੱਗ ਗੁਰੂਆਂ ਦੇ ਪਿਛੇ ਮਾਇਆਵੀ ਮਨੋਰਥ-ਮਈ ਬਿਖ ਬਿਹਾਜਣ ਖ਼ਾਤਰ ਲੋਭ ਲਲਚਾਏ ਭੱਜੇ ਫਿਰਦੇ ਹਨ ਅਤੇ ਗੁਰੂ ਘਰ ਤੋਂ ਬੇਮੁਖ ਹੋ ਕੇ, ਸੱਚੇ ਸਤਿਗੁਰੂ ਦੀ ਚਾਕਰੀ ਨੂੰ ਤਿਲਾਂਜਲੀ ਦੇ ਕੇ ਡਿੰਭੀ ਗੁਰੂਆਂ ਦੀ ਵਿਡਾਣੀ ਚਾਕਰੀ ਸਹੇੜਦੇ ਫਿਰਦੇ ਹਨ, ਉਹ ਗੁਰਮਤਿ ਮਤਿ ਅਚੱਲ ਉਤੇ ਸ਼ਰਧਾ, ਭਰੋਸਾ ਰੱਖਣ ਵਾਲਾ ਆਪਣਾ ਧਰਮ ਭੀ ਗਵਾ ਬੈਠਦੇ ਹਨ ਅਤੇ ਧਰਮ ਗਵਾ ਕੇ ਸੱਚੀ ਸੂਝ ਬੂਝ ਤੋਂ ਭੀ ਵਾਂਝੇ ਜਾਂਦੇ ਹਨ। ਦਿਨ ਰਾਤ ਉਹਨਾਂ ਦੀ ਦੁਖਾਂ ਵਿਚ ਹੀ ਵਿਹਾਂਦੀ ਹੈ, ਉਹਨਾਂ ਨੂੰ ਅਲਪੱਗ ਗੁਰੂਆਂ ਦੀ ਸਹੇੜ ਨਾਲ ਸਿਮਰਨ ਦੀ ਸੱਚੀ ਦਾਤਿ ਹੀ ਪੱਲੇ ਨਹੀਂ ਪੈਂਦੀ। ਉਹ ਨਾ ਇਤ ਕੇ ਨਾ ਉਤ ਕੇ, ਗੁਰੂ ਸੱਚੇ ਸਤਿਗੁਰੂ ਤੋਂ ਬੇਮੁਖ ਹੋ ਕੇ ਉਹ ਦੀਨ ਦੁਨੀ ਦੋਨੋਂ ਹੀ ਗਵਾ ਬੈਠਦੇ ਹਨ ਅਤੇ ਲਾਜ-ਲੋਣ ਹੋ ਕੇ ਬਿਨ ਪਾਣੀ ਹੀ ਡੂਬ ਮਰਦੇ ਹਨ। ਸੱਚੇ ਸਤਿਗੁਰੂ ਤੋਂ ਪ੍ਰਾਪਤ ਕੀਤਾ ਗੁਰ-ਸ਼ਬਦ ਗੁਰਮੰਤਰ ਨਾਮ ਹੀ ਜਗਿਆਸੂ ਸਿਖ ਦੇ ਘਟ ਅੰਤਰ ਵਸ ਕੇ ਧਸ ਸਕਦਾ ਹੈ, ਫਿਰ ਵਿਸਰਦਾ ਕਦੇ ਨਹੀਂ। ਇਸ ਬਿਧ ਸਤਿਗੁਰੂ ਦੀ ਸ਼ਰਨੀ ਆਇਆਂ ਨਾਮ ਦੀ ਪਾਰਸ-ਕਮਾਈ ਦੇ ਤੁਫ਼ੈਲ ਪਰੀਪੂਰਨ ਪ੍ਰਮਾਤਮਾ ਦੀ ਸਦਾ ਹਜ਼ੂਰੀ ਵਾਲੀ ਸ਼ਰਨ ਪ੍ਰਾਪਤ ਕਰ ਕੇ ਭੀ ਉਹ ਵਡਭਾਗਾ ਜਨ ਸਦਾ ਸਿਮਰਨ ਭਜਨ ਵਿਚ ਹੀ ਨਿਮਗਨ ਰਹਿੰਦਾ ਹੈ। ਬਸ ਸੱਚੇ ਸਤਿਗੁਰੂ ਦੀ ਕੀਤੀ ਸੇਵਾ-ਭਗਤੀ ਹੀ ਸਦਾ ਸੁਖਦਾਇਕ ਹੈ ਅਤੇ ਜੋਤੀ ਜੋਤਿ ਮਿਲਾਵਣਹਾਰੀ ਹੈ। ਯਥਾ ਗੁਰਵਾਕ :-

ਅੰਮ੍ਰਿਤ ਛੋਡਿ ਬਿਖਿਆ ਲੋਭਾਣੇ ਸੇਵਾ ਕਰਹਿ ਵਿਡਾਣੀ॥
ਆਪਣਾ ਧਰਮੁ ਗਵਾਵਹਿ ਬੂਝਹਿ ਨਾਹੀ ਅਨਦਿਨੁ ਦੁਖਿ ਵਿਹਾਣੀ॥
ਮਨਮੁਖ ਅੰਧ ਨ ਚੇਤਹੀ ਡੂਬਿ ਮੁਏ ਬਿਨੁ ਪਾਣੀ ॥੧॥
ਮਨ ਰੇ ਸਦਾ ਭਜਹੁ ਹਰਿ ਸਰਣਾਈ॥
ਗੁਰ ਕਾ ਸਬਦੁ ਅੰਦਰਿ ਵਸੈ ਤਾ ਹਰਿ ਵਿਸਰਿ ਨ ਜਾਈ ॥੧॥ ਰਹਾਉ॥.....
ਸਤਿਗੁਰੁ ਸੇਵਿ ਸਦਾ ਸੁਖੁ ਪਾਇਆ ਜੋਤੀ ਜੋਤਿ ਮਿਲਾਈ ॥੨॥ (੪॥੧੨॥੪੫)

(ਸਿਰੀਰਾਗੁ ਮ: ੩, ਪੰਨਾ ੩੧)

ਜਿਸ ਗੋਬਿੰਦ ਗੁਣੀ ਨਿਧਾਨ ਦਾ ਅੰਤ ਨਹੀਂ ਪਾਇਆ ਜਾਂਦਾ ਉਹ 'ਅਥੇ ਤਥੇ ਕੀ ਚਾਕਰੀ' ਤੋਂ ਅਤੇ ਕਥਨੀ ਬਦਨੀ ਦੁਆਰਾ ਖ਼ੁਦ-ਸਾਖ਼ਤਾ ਗੁਰੂਆਂ ਦੀ ਸਿਖ਼ਸ਼ਾ ਤੋਂ ਕਦੋਂ ਪਾਇਆ ਜਾ ਸਕਦਾ ਹੈ ? ਐਵੇਂ ਡਿੰਭੀ ਗੁਰੂਆਂ ਦੇ ਚੇਲੇ ਅਤੇ ਅਲਪੱਗ ਸਿਮਰਨ-ਦਾਤਿਆਂ ਦੇ ਦੀਖਸ਼ਕ ਕਥਨੀ ਬਦਨੀ ਕਰਦੇ ਫਿਰਦੇ ਹਨ ਕਿ ਦੇਹਧਾਰੀ ਗੁਰੂ ਧਾਰਨ ਕਰੋ, ਅਸੀਂ ਪ੍ਰਮਾਤਮਾ ਨੂੰ ਪਾ ਲਿਆ ਹੈ। ਉਹ ਆਪਣੀ ਹਉਮੈ ਦਾ ਰੋਗ ਵਧਾਉਂਦੇ ਹਨ।

*ਸਿਮਰਨ ਦਾਤਿ ਦੀ ਪ੍ਰਾਪਤੀ ਸੱਚੇ ਸਤਿਗੁਰੂ ਤੋਂ*

ਜਿਨ੍ਹਾਂ ਨੂੰ ਸੱਚਾ ਸਤਿਗੁਰੂ ਮਿਲਿਆ ਹੈ ਅਤੇ ਸੱਚੇ ਸਤਿਗੁਰੂ ਤੋਂ ਸਿਮਰਨ ਦੀ ਸੱਚੀ ਦਾਤਿ ਪ੍ਰਾਪਤ ਹੋਈ ਹੈ, ਉਨ੍ਹਾਂ ਦੀ ਹਉਮੈ ਵਿਚੋਂ ਚਲੀ ਗਈ ਹੈ। ਉਹ ਗੁਰੂ ਦੇ ਭੈ ਅਦਬ ਭਰੇ ਨਿਰਮਾਣਤਾ ਦੇ ਰੰਗਾਂ ਵਿਚ ਹੀ ਰਚੇ ਰਹਿੰਦੇ ਹਨ। ਜਿਥੇ ਇਹ ਰੰਗ ਬਝ ਜਾਂਦੇ ਹਨ ਓਥੇ ਪ੍ਰੀਤਮ ਪਿਆਰਾ ਵਾਹਿਗੁਰੂ ਆਪੇ ਹੀ ਆਣ ਵਸਦਾ ਹੈ। ਇਨ੍ਹਾਂ ਰੰਗਾਂ ਨੂੰ ਮਨਾਉਣ ਵਾਲੀ ਨਾਮ-ਦਾਤਿ ਜਿਸ ਨੂੰ ਦਾਤਾਰ ਆਪ ਹੀ ਦੇਵੇ ਤਾਂ ਪਾਈਦੀ ਹੈ, ਹੋਰ ਕੁਝ ਕਹਿਣਾ ਹੀ ਨਹੀਂ ਬਣਦਾ। ਇਹ ਦਾਤਿ ਦੇਵਣ ਵਾਲੇ ਦੇ ਹੱਥ ਵਿਚ ਹੈ ਅਤੇ ਕੇਵਲ ਗੁਰੂ ਦੁਆਰੇ ਹੀ ਪਾਈਦੀ ਹੈ, ਭਾਵ ਗੁਰੂ ਤੋਂ ਹੀ ਪਾਈ ਜਾ ਸਕਦੀ ਹੈ। ਯਥਾ ਗੁਰਵਾਕ :–

ਗੋਵਿੰਦ ਗੁਣੀ ਨਿਧਾਨੁ ਹੈ ਅੰਤੁ ਨ ਪਾਇਆ ਜਾਇ॥
ਕਥਨੀ ਬਦਨੀ ਨ ਪਾਈਐ ਹੁਕਮੁ ਵਿਣਹੁ ਜਾਇ॥
ਸਤਿਗੁਰਿ ਮਿਲਿਐ ਸਦ॰ ਭੈ ਰਚੈ ਆਪਿ ਵਸੈ ਮਨਿ ਆਇ ॥੧॥.........
ਆਪੇ ਦੇਇ ਤ ਪਾਈਐ ਹੋਰੁ ਕਰਣਾ ਕਿਛੂ ਨ ਜਾਇ॥


www.AKJ.Org

ਦੇਵਣ ਵਾਲੇ ਕੈ ਹਥਿ ਦਾਤਿ ਹੈ ਗੁਰੂ ਦੁਆਰੈ ਪਾਇ ॥੩॥ (੪॥੧੭॥੫੦)

(ਸਿਰੀਰਾਗੁ ਮ: ੩, ਪੰਨਾ ੩੨-੩੩)

ਇਹ ਸਿਮਰਨ ਰੂਪੀ ਸੱਚਾ ਪਦਾਰਥ (ਨਾਮ ਧਨੁ ਵਖਰੁ) ਗੁਣਵੰਤੇ ਗੁਰਮੁਖ ਜਨਾਂ ਨੇ ਹੀ ਪਾਇਆ ਹੈ, ਉਨ੍ਹਾਂ ਨੇ ਵਿਕਾਰ ਮਈ ਤ੍ਰਿਸ਼ਨਾ ਤਜ ਦਿਤੀ ਹੈ। ਉਨ੍ਹਾਂ ਦਾ ਮਨ ਗੁਰ-ਸ਼ਬਦ ਸਿਮਰਨ ਨਾਲ ਹਰ ਵਕਤ ਰੰਗਿਆ ਰਹਿੰਦਾ ਹੈ ਅਤੇ ਉਨ੍ਹਾਂ ਦੀ ਰਸਨਾ ਤੋਂ ਪ੍ਰੇਮ-ਪਿਆਰ ਭਿੰਨੇ, ਅੰਮ੍ਰਿਤ ਨਾਮ ਅਭਿਆਸ ਜਾਪ ਦੇ ਫਰਨਾਟੇ ਫੁਰਾਟੇ ਹੀ ਹਰਦਮ ਫੁਰਕਦੇ ਰਸਨੁਚਕਦੇ ਰਹਿੰਦੇ ਹਨ। ਸਤਿਗੁਰੂ ਬਿਨਾਂ ਇਸ ਪਦ ਦੀ ਪ੍ਰਾਪਤੀ ਕਿਸੇ ਨੂੰ ਭੀ ਨਹੀਂ ਹੋ ਸਕਦੀ। ਮਨਮੁਖਾਂ ਦੀ ਤਾਂ ਮਨਮੁਖਤਾ ਵਾਲੀ ਹਉਮੈ ਦੁਰਮਤਿ ਵਿਕਾਰ ਦੀ ਮੈਲ ਹੀ ਕਦੇ ਨਹੀਂ ਉਤਰ ਸਕਦੀ, ਜਦ ਤਾਈਂ ਉਨ੍ਹਾਂ ਦੀ ਪ੍ਰੇਮ ਭਾਵਨੀ ਗੁਰਸ਼ਬਦ ਉਪਰ ਨਹੀਂ ਜੰਮਦੀ, ਸਾਮਰਤੱਖ ਗੁਰੂ ਦੇ ਹੋਇ ਕੇ ਗੁਰ-ਸ਼ਬਦ-ਸਿਮਰਨ ਧਾਰਨ ਨਹੀਂ ਕਰਦੇ। ਯਥਾ ਗੁਰਵਾਕ --

ਗੁਣਵੰਤੀ ਸਚੁ ਪਾਇਆ ਤ੍ਰਿਸਨਾ ਤਜਿ ਵਿਕਾਰ॥
ਗੁਰ ਸਬਦੀ ਮਨੁ ਰੰਗਿਆ ਰਸਨਾ ਪ੍ਰੇਮ ਪਿਆਰਿ॥
ਬਿਨੁ ਸਤਿਗੁਰ ਕਿਨੈ ਨ ਪਾਇਓ ਕਰਿ ਵੇਖਹੁ ਮਨਿ ਵੀਚਾਰਿ॥
ਮਨਮੁਖ ਮੈਲੁ ਨ ਉਤਰੈ ਜਿਚਰੁ ਗੁਰ ਸਬਦਿ ਨ ਕਰੇ ਪਿਆਰੁ ॥੧॥ (੪॥੨੬॥੫੯)

(ਸਿਰੀਰਾਗੁ ਮ: ੩, ਪੰਨਾ ੩੬)

ਪ੍ਰੇਮ ਪਿਆਰ ਦੇ ਪਰਮਾਰਥੀ-ਆਤਮ-ਰੰਗ ਸ਼ਬਦ ਸਿਮਰਨ ਅਭਿਆਸ ਵਿਚ ਰਤਿਆਂ ਹੀ ਖਿੜਦੇ ਹਨ। ਸੱਚੇ ਪ੍ਰੇਮ ਪਿਆਰ ਦਾ ਖੇੜਾ ਨਾਮ ਦੇ ਰੰਗਾਂ ਵਿਚ ਰਹੱਸ ਕੇ ਖਿੜਦਾ ਹੈ। ਸਿਮਰਨ-ਕਲਾ ਦੁਆਰਾ ਰੋਮ ਰੋਮ ਪ੍ਰੇਮ ਪਰਫੁਲਤ ਹੋ ਜਾਂਦਾ ਹੈ। ਜਿਨ੍ਹਾਂ ਨੂੰ ਇਸ ਬਿਧ ਪ੍ਰੇਮ ਸੇਤੀ ਮਨ ਰੋਕਣਾ ਦਰਕਾਰ ਹੈ, ਉਹ ਸਚੇ ਸਤਿਗੁਰੂ ਤੋਂ ਹੀ ਪ੍ਰੇਮ-ਰੰਗ-ਰੰਗੇਤੜਾ ਨਾਮ ਦ੍ਰਿੜ੍ਹਾ ਸਕਦਾ ਹੈ। ਸਤਿਗੁਰ ਬਾਝੋਂ ਇਹ ਨਾਮ ਲਭਦਾ ਹੀ ਨਹੀਂ, ਭਾਵੇਂ ਕੋਈ ਲਖ ਕੋਟੀ ਕਰਮ ਕਮਾਵੇ। ਵਡੇ ਭਾਗਾਂ ਬਿਨਾਂ ਸਤਿਗੁਰੂ ਨਹੀਂ ਮਿਲਦਾ, ਭਾਵੇਂ ਸਤਿਗੁਰੂ ਨਿਤ ਨਿਕਟ ਹੀ ਘਰ ਬੈਠਿਆਂ, ਦੇ ਪਾਸ ਹੀ ਵਸਦਾ ਹੋਵੇ। (ਜੈਸੇ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਘਰ ਘਰ ਅੰਦਰਿ ਬਿਰਾਜਮਾਨ ਹਨ),। ਜਿਨ੍ਹਾਂ ਨੂੰ ਨਿਤ ਨਿਕਟ ਘਰ ਵਸਦਾ ਸਤਿਗਰੂ ਪਾਸ ਬੈਠਿਆਂ ਭੀ ਨਹੀਂ ਦੀਂਹਦਾ, ਸਤਿਗੁਰੂ ਦੀ ਸੱਚੀ ਲਾਈਟ (Light), ਗੁਰ ਜੋਤਿ ਜਗੰਨੜੀ ਲਾਈਟ ਦੇ ਸਰੂਪ ਵਿਚ ਨਹੀਂ ਦਿਸਦਾ, ਉਨ੍ਹਾਂ ਦੇ ਅੰਦਰਿ ਅਗਿਆਨ ਦੁਖ ਭਰਮ ਭ੍ਰਾਂਤਿ ਦੇ ਛਉੜ ਛਾਏ ਹੋਏ ਹਨ, ਉਨ੍ਹਾਂ ਦੀ ਦ੍ਰਿਸ਼ਟੀ ਅੰਦਰਿ ਪੜਦਾ ਪਿਆ ਹੋਇਆ ਹੈ। ਜਿਸ ਨੂੰ ਨਿਕਟ ਵਸਦਾ "ਨੇਰੈ ਹੀ ਤੇ ਨੇਰੈ" ਵਸਦਾ ਗੁਰੂ, ਸ੍ਰੀ ਗੁਰੂ, ਸਦਾ ਹਜ਼ੂਰ ਵਸਦਾ ਸਤਿਗੁਰੂ ਦੂਰ ਹੀ ਪਰਤੀਤ ਹੁੰਦਾ ਹੈ, ਸਤਿਗੁਰੂ ਭੇਟੇ ਬਿਨਾਂ ਇਹ ਤਿਮਰ ਦ੍ਰਿਸ਼ਟੀ ਦਿਬ ਦ੍ਰਿਸ਼ਟੀ ਨਹੀਂ ਹੁੰਦੀ। ਸਤਿਗੁਰੂ-ਪਾਰਸ ਦੇ ਭੇਟੇ ਬਿਨਾਂ ਮਨੂਰ ਮਨੂਆ ਮਨਮੁਖਾਂ ਦਾ ਕੰਚਨ ਨਹੀਂ ਹੁੰਦਾ। ਸਤਿਗੁਰੂ ਬੋਹਿਥ ਦੇ ਪਾਸ ਹੁੰਦਿਆਂ ਸੁੰਦਿਆਂ ਭੀ ਮਨਮੁਖ ਪੁਰਸ਼ ਬੇੜੀ ਦੇ ਮੁਢ ਹੀ ਡੁਬ ਮਰਦੇ ਹਨ, ਕਿਉਂਕਿ ਉਹ ਸਾਖਯਾਤ ਸਤਿਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਉਤੇ ਈਮਾਨ ਲਿਆਉਂਦੇ ਨਹੀਂ, ਦੇਹਧਾਰੀ ਗੁਰੂਆਂ ਦੁਆਰੇ ਭਟਕਦੇ ਫਿਰਦੇ ਹਨ, ਉਨ੍ਹਾਂ ਡੁਬਣਾ ਹੀ ਹੈ

ਵਾਹਿਗੁਰੂ ਰੂਪੀ ਜਹਾਜ਼ ਤੇ ਚੜ੍ਹਨ ਲਈ ਸਤਿਗੁਰੂ ਰੂਪੀ ਬੇੜੀ ਹੀ ਸਹਾਈ ਹੈ, ਜੋ ਪੁਰਸ਼ ਸਤਿਗੁਰੂ ਦੇ ਹੁਕਮ ਰੂਪੀ ਭਾਣੇ ਅੰਦਰ ਚਲਦੇ ਹਨ ਅਤੇ ਸਤਿਗੁਰੂ ਨੂੰ ਮਨ ਬਚ ਕਰਮ ਕਰਕੇ ਸਤਿਗੁਰੂ ਰੂਪ ਹੀ ਮੰਨਦੇ ਹਨ, ਉਹ ਬੇੜੀ ਵਿਚ ਆ ਬੈਠਦੇ ਹਨ ਅਤੇ ਬੇੜੀ ਵਿਚ ਬੈਠ ਕੇ ਵਾਹਿਗੁਰੂ ਜਹਾਜ਼ ਵਿਚ ਅਸਵਾਰ ਹੁੰਦੇ ਹਨ। ਉਹ ਵਡਭਾਗੀ ਧੰਨ ਧੰਨ ਹਨ ਜਿਨ੍ਹਾਂ ਨੂੰ ਸਤਿਗੁਰੂ ਸੱਚਾ, ਸਿਮਰਨ ਦੀ ਦਾਤਿ ਬਖ਼ਸ਼ ਕੇ ਵਾਹਿਗੁਰੂ ਨਾਲ ਮਿਲਾਇ ਲੈਂਦਾ ਹੈ। ਯਥਾ ਗੁਰਵਾਕ --

ਮਨੁ ਰੰਗਹੁ ਵਡਭਾਗੀਹੋ ਗੁਰੁ ਤੁਠਾ ਕਰੇ ਪਸਾਉ॥
ਗੁਰੁ ਨਾਮੁ ਦਿੜ੍ਹਾਏ ਰੰਗ ਸਿਉ ਹਉ ਸਤਿਗੁਰ ਕੈ ਬਲਿ ਜਾਉ॥
ਬਿਨੁ ਸਤਿਗੁਰ ਹਰਿਨਾਮੁ ਨ ਲਭਈ ਲਖ ਕੋਟੀ ਕਰਮ ਕਮਾਉ ॥੨॥
ਬਿਨੁ ਭਾਗਾ ਸਤਿਗੁਰੁ ਨ ਮਿਲੈ ਘਰਿ ਬੈਠਿਆ ਨਿਕਟਿ ਨਿਤ ਪਾਸਿ॥


www.AKJ.Org

ਅੰਤਰਿ ਅਗਿਆਨ ਦੁਖੁ ਭਰਮੁ ਹੈ ਵਿਚਿ ਪੜਦਾ ਦੂਰਿ ਪਈਆਸਿ॥
ਬਿਨੁ ਸਤਿਗੁਰ ਭੇਟੇ ਕੰਚਨੁ ਨਾ ਥੀਐ ਮਨਮੁਖੁ ਲੋਹੁ ਬੂਡਾ ਬੇੜੀ ਪਾਸਿ॥੩॥
ਸਤਿਗੁਰੁ ਬੋਹਿਥੁ ਹਰਿ ਨਾਵ ਹੈ ਕਿਤੁ ਬਿਧਿ ਚੜਿਆ ਜਾਇ॥
ਸਤਿਗੁਰ ਕੈ ਭਾਣੈ ਜੋ ਚਲੈ ਵਿਚ ਬੋਹਿਥ ਬੈਠਾ ਆਇ॥
ਧੰਨੁ ਧੰਨੁ ਵਡਭਾਗੀ ਨਾਨਕਾ ਜਿਨਾ ਸਤਿਗੁਰੁ ਲਏ ਮਿਲਾਇ ॥੪॥੩॥੬੭॥
(ਸਿਰੀਰਾਗੁ ਮ: ੪, ਪੰਨਾ ੪੦)

*ਸਤਿਗੁਰੂ ਦੀ ਸੱਚੀ ਸੁੱਚੀ ਪਛਾਣ* -

ਸਤਿਗੁਰੂ ਦੀ ਸੱਚੀ ਸੁੱਚੀ ਪਛਾਣ ਇਕ ਇਹ ਹੈ ਕਿ ਉਸ ਨੂੰ ਮਿਲ ਕੇ ਹਰਿਗੁਣ ਰਵੀਦੇ ਹਨ, ਹਰਿਗੁਣ ਧਾਰੀਦੇ ਸੰਵਾਰੀਦੇ ਹਨ। ਜਿਸ ਨੂੰ ਭੇਟਦਿਆਂ, ਜਿਸ ਦਾ ਦਰਸ਼ਨ ਪਰਸਦਿਆਂ ਗੁਣੀ ਅਕਾਲ ਪੁਰਖ ਦੀ ਗੁਣਾਂ ਰੂਪੀ ਗੁਰਬਾਣੀ ਦਾ ਅੰਮ੍ਰਿਤ ਰਸਾਉਣੀ ਪਾਰਸ ਪਰਸੀਦਾ ਹੈ। ਸੋਈ ਸਜਣ ਸੱਚਾ ਪਾਤਸ਼ਾਹ ਸਤਿਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਹੈ। ਜਦੋਂ ਭੀ ਇਸ ਗੁਰੂ ਪਾਤਸ਼ਾਹ ਨੂੰ ਪਰਸੇਂਗੇ ਤਦੋਂ ਹੀ ਇਸ ਦੁਆਰਿਅਓਂ ਅੰਮ੍ਰਿਤ ਬਾਣੀ ਦਾ ਸੋਮਾ ਹੀ ਸੰਚਤ ਹੋਵੇਗਾ। ਯਥਾ ਗੁਰਵਾਕ :-

ਭਾਈ ਰੇ ਮਿਲਿ ਸਜਣ ਹਰਿ ਗੁਣ ਸਾਰਿ॥
ਸਜਣੁ ਸਤਿਗੁਰੁ ਪੁਰਖੁ ਹੈ ਦੁਖੁ ਕਢੈ ਹਉਮੈ ਮਾਰਿ॥੧॥ਰਹਾਉ॥......
ਸਤਿਗੁਰ ਵਚਨੁ ਰਤੰਨੁ ਹੈ ਜੋ ਮੰਨੇ ਸੁ ਹਰਿ ਰਸੁ ਖਾਇ॥
ਸੇ ਵਡਭਾਗੀ ਵਡ ਜਾਣੀਅਹਿ ਜਿਨ ਹਰਿ ਰਸੁ ਗੁਰ ਭਾਇ ॥੨॥
ਇਹ ਹਰਿ ਰਸੁ ਵਣੁ ਤਿਣਿ ਸਭਤੁ ਹੈ ਭਾਗਹੀਣ ਨਹੀ ਖਾਇ॥
ਬਿਨੁ ਸਤਿਗੁਰ ਪਲੈ ਨ ਪਵੈ ਮਨਮੁਖ ਰਹੇ ਬਿਲਲਾਇ॥
ਓਇ ਸਤਿਗੁਰ ਆਗੈ ਨਾ ਨਿਵਹਿ ਓਨਾ ਅੰਤਰਿ ਕ੍ਰੋਧੁ ਬਲਾਇ ॥੩॥ (੪॥੫॥੬੯)
(ਸਿਰੀਰਾਗੁ ਮ: ੪, ਪੰਨਾ ੪੧)

ਸਤਿਗੁਰਿ ਪੁਰਖਿ ਮਿਲਾਇਆ ਇਕੋ ਸਜਣੁ ਸੋਇ ॥ .....॥ ੪॥੧॥੭੧॥
(ਸਿਰੀਰਾਗੁ ਮ: ੫ ਘਰੁ ੧, ਪੰਨਾ ੪੨)

ਸਤਿਗੁਰੂ, ਮੇਰੇ ਸੱਚੇ ਸਤਿਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਬਚਨ ਹੀ ਅੰਮ੍ਰਿਤ ਬਾਣੀ ਰੂਪੀ ਅਮੋਘ ਬਾਣ ਅਤੇ ਅਮੋਲਕ ਰਤਨ ਹਨ। ਜੋ ਇਹਨਾਂ ਬਚਨਾਂ ਨੂੰ ਸੁਣਦਾ ਪੁਛਦਾ ਹੈ, ਸੋ ਹਰਿ-ਰਸ ਦੇ ਗਟਾਕ ਛਾਂਦੇ ਛਕਦਾ ਹੈ। ਐਰੇ ਗੈਰੇ ਅਲਪੱਗ ਗੁਰੂਆਂ ਵਾਲੇ ਅਰਲ ਬਰਲ ਕਚ-ਪਿਚੇ ਬਚਨ ਥੋੜੇ ਹਨ। ਇਨ੍ਹਾਂ ਦੇ ਸੁਣਨਹਾਰੇ ਭੀ ਕੱਚੇ, ਪੜ੍ਹਨਹਾਰੇ ਭੀ ਕੱਚੇ ਅਤੇ ਆਖ ਵਖਾਨਣਹਾਰੇ ਭੀ ਕੱਚੇ। ਕੋਈ ਵਡਭਾਗੀ ਜਨ ਹੀ ਵਿਰਲੇ ਗੁਰਮੁਖ ਖਾਲਸਾ ਹਨ ਜਿਨ੍ਹਾਂ ਨੇ ਸਤਿਗੁਰੂ ਦੇ ਬਚਨਾਂ ਦੇ ਸ਼ਰਧਾਲੂ ਅਤੇ ਅਨੁਸਾਰੀ ਹੋਇ ਕੇ (ਗੁਰ ਭਾਇ ਚਲ ਕੇ) ਹਰੀ ਰਸ ਦੇ ਅੰਮ੍ਰਿਤ ਗਟਾਕ ਭੁੰਚੇ ਹਨ। ਇਹ ਹਰਿ ਰਸ ਰੂਪੀ ਅੰਮ੍ਰਿਤ ਤਾਂ ਵਣ ਤ੍ਰਿਣ ਤ੍ਰਿਭਵਣ ਵਿਖੇ ਸਾਰੇ ਹੀ ਭਰਪੂਰ ਹੈ, ਪ੍ਰੰਤੂ ਭਾਗਹੀਣ ਤੋਂ ਭੁੰਚਿਆ ਨਹੀਂ ਜਾਂਦਾ। ਬਿਨਾਂ ਸਤਿਗੁਰੂ ਦੇ ਇਹ ਪੱਲੇ ਹੀ ਨਹੀਂ ਪੈਂਦਾ।

ਗੁਰਾਂ ਤੋਂ ਬੇਮੁਖ ਮਨਮਤਿ-ਧਾਰੀ ਨਿਗੁਰੇ ਪੁਰਸ਼ ਬਥੇਰੇ ਬਿਲਲਾਇ ਥੱਕੇ ਹਨ। ਉਹ ਸੱਚੇ ਸਤਿਗੁਰੂ ਅਗੇ ਨਿੰਵਦੇ ਨਹੀਂ। ਰਿਦਿਓਂ ਨਹੀਂ ਨਿਉਂਦੇ। ਰਿਦਿਓਂ ਤਾਂ ਤਦ ਨਿਵਣ ਜੇ ਉਹ ਦਸਮੇਸ਼ ਜੀ ਦੀ ਆਗਿਆ ਅਨੁਸਾਰ ਸੱਚੇ ਸਤਿਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਦਸਮੇਸ਼ ਜੀ ਦਾ ਥਾਪਿਆ ਟਿਕਿਆ ਹੋਇਆ ਗੁਰਦੇਵ ਗੁਰੂ, ਪ੍ਰਗਟ ਗੁਰਾਂ ਕੀ ਦੇਹ ਸਮਝਣ ਅਤੇ ਮਨ ਬਚ ਕਰਮ ਕਰਕੇ ਸਮਝਣ । ਉਹ ਤਾਂ ਕਿਸੇ ਹੋਰ ਦੇਹਧਾਰੀ ਅਲਪਗ ਆਦਮੀ ਨੂੰ ਗੁਰੂ ਥਾਪੀ ਬੈਠੇ ਹਨ, ਯਾ ਖ਼ੁਦ ਸਿਮਰਨ-ਦਾਤੇ ਗੁਰੂ ਬਣੇ ਬੈਠੇ ਹਨ। ਉਨ੍ਹਾਂ ਦੇ ਅੰਦਰ ਗੁਰੂ, ਸੱਚੇ ਸਤਿਗੁਰੂ ਦੀ ਹਮਸਰੀ ਵਾਲਾ ਹੰਕਾਰ ਸ਼੍ਰੀਕਾ ਈਰਖਾ ਅਤੇ ਈਰਖਾ ਤੋਂ ਉਪਜਿਆ ਕ੍ਰੋਧ ਸਮਾਇਆ ਹੁੰਦਾ ਹੈ। ਜੇ ਕੋਈ ਉਹਨਾਂ ਨੂੰ ਕਹੇ ਅਤੇ ਸੁਮੱਤੇ ਲਾਵੇ ਕਿ ਗੁਰੂ-ਡੰਮ ਵਾਲੀ ਏਸ ਰੋਗ ਬੀਮਾਰੀ ਤੋਂ ਅਰੋਗ


www.AKJ.Org

ਹੋਣ ਦਾ ਹੀਲਾ ਕਰੋ ਤਾਂ ਉਹ ਸਗੋਂ ਹੋਰ ਕ੍ਰੋਧ ਕਰਦੇ ਹਨ ਅਤੇ ਕ੍ਰੋਧਤ ਹੋ ਕੇ ਅਗਿਓਂ ਹੋਰ ਕੁਬਚਨ ਬੋਲਣ ਲਗ ਜਾਂਦੇ ਹਨ। ਉਹਨਾਂ ਅੰਦਰ ਕ੍ਰੋਧ ਦੀ ਬਲਾ ਵਸੀ ਹੋਈ ਹੁੰਦੀ ਹੈ। ਕ੍ਰੋਧ ਰੂਪੀ ਬਲਾ ਦੇ ਗ੍ਰਸੇ ਹੋਏ ਮਤਹੀਣਾਂ ਦੀ ਮੱਤ ਮਾਰੀ ਜਾਂਦੀ ਹੈ। ਅਜਿਹੇ ਅਨੇਕਾਂ ਗੁਰ ਪੀਰ ਚੇਲੇ ਮੁਰੀਦ ਬਣ ਬੈਠੇ ਹਨ। ਪਰੰਤੂ ਵਾਹਿਗੁਰੂ ਨੂੰ ਮਿਲਾਵਣਹਾਰਾ ਸੱਚਾ ਸੱਜਣ ਪੁਰਖ ਇਕੋ ਸਤਿਗੁਰੂ ਸਚਾ ਪਾਤਸ਼ਾਹ ਹੈ। ਜਿਸ ਜੇਵਡ ਹੋਰ ਕੋਈ ਦੇਹਧਾਰੀ ਮਨੁੱਖ ਨਹੀਂ ਹੋ ਸਕਦਾ, ਭਾਵੇਂ ਲਖ ਪਰਪੰਚ ਰਚੇ, ਆਪਣੇ ਸਿਮਰਨ-ਦਾਤਾ ਹੋਣ ਦੀਆਂ ਲਖ ਰੀਸਾਂ ਕਰੇ। ਸੱਚੇ ਗੁਰੂ ਦੇ ਬਚਨ ਦੀ ਵਡਿਆਈ ਫੇਰ ਇਸ ਬਿਧ ਗੁਰਬਾਣੀ ਅੰਦਰ ਗਾਈ ਗਈ ਹੈ। ਯਥਾ ਗੁਰਵਾਕ :-

ਗੁਰ ਕੈ ਬਚਨਿ ਮੋਹਿ ਪਰਮ ਗਤਿ ਪਾਈ॥ ਗੁਰਿ ਪੂਰੈ ਮੇਰੀ ਪੈਜ ਰਖਾਈ ॥੧॥
ਗੁਰ ਕੈ ਬਚਨਿ ਧਿਆਇਓ ਮੋਹਿ ਨਾਉ॥ ਗੁਰ ਪਰਸਾਦਿ ਮੋਹਿ ਮਿਲਿਆ ਥਾਉ ॥੧॥
ਗੁਰ ਕੈ ਬਚਨਿ ਸੁਨਿ ਰਸਨ ਵਖਾਣੀ॥ ਗੁਰ ਕਿਰਪਾ ਤੇ ਅੰਮ੍ਰਿਤ ਮੇਰੀ ਬਾਣੀ ॥੨॥
ਗੁਰ ਕੈ ਬਚਨਿ ਮਿਟਿਆ ਮੇਰਾ ਆਪੁ॥ ਗੁਰ ਕੀ ਦਇਆ ਤੇ ਮੇਰਾ ਵਡ ਪਰਤਾਪੁ ॥੩॥
ਗੁਰ ਕੈ ਬਚਨਿ ਮਿਟਿਆ ਮੇਰਾ ਭਰਮੁ॥ ਗੁਰ ਕੈ ਬਚਨਿ ਪੇਖਿਓ ਸਭੁ ਬ੍ਰਹਮੁ ॥੪॥
ਗੁਰ ਕੈ ਬਚਨਿ ਕੀਨੋ ਰਾਜੁ ਜੋਗੁ॥ ਗੁਰ ਕੈ ਸੰਗਿ ਤਰਿਆ ਸਭੁ ਲੋਗੁ॥੫॥
ਗੁਰ ਕੈ ਬਚਨਿ ਮੇਰੇ ਕਾਰਜ ਸਿਧਿ॥ ਗੁਰ ਕੈ ਬਚਨਿ ਪਾਇਆ ਨਾਉ ਨਿਧਿ॥੬॥
ਜਿਨਿ ਜਿਨਿ ਕੀਨੀ ਮੇਰੇ ਗੁਰ ਕੀ ਆਸਾ॥ ਤਿਸ ਕੀ ਕਟੀਐ ਜਮ ਕੀ ਫਾਸਾ ॥੭॥
ਗੁਰ ਕੈ ਬਚਨਿ ਜਾਗਿਆ ਮੇਰਾ ਕਰਮੁ॥ ਨਾਨਕ ਗੁਰੁ ਭੇਟਿਆ ਪਾਰਬ੍ਰਹਮੁ ॥੮॥੮॥

(ਗਉੜੀ ਮ: ੫, ਪੰਨਾ ੨੩੯)

ਇਸ ਗੁਰਵਾਕ ਦੀ ਪਿਛਲੀ ਤੁਕ ਪਹਿਲਾਂ ਲਵੋ। ਪੰਚਮ ਸਤਿਗੁਰੂ ਨਾਨਕ ਸਾਹਿਬ ਨੇ ਗੁਰੂ ਦਾ ਦਰਜਾ ਪਾਰਬ੍ਰਹਮ ਸਦਰਸ ਰਖਿਆ। ਕੀ ਜਣਾ ਖਣਾ ਆਪੋਂ ਬਣ ਬੈਠਾ ਗੁਰੂ ਯਾ ਗੁਰੂਡੰਮੀਆਂ ਦਾ ਖੁਦਸਾਖ਼ਤਾ ਗੁਰੂ ਏਸ ਦਰਜੇ ਨੂੰ ਪਹੁੰਚ ਸਕਦਾ ਹੈ ? ਹਰਗਿਜ਼ ਨਹੀਂ। ਸੋਈ ਪਹੁੰਚੇ, ਜਿਸ ਨੂੰ ਆਪ ਸਤਿਗੁਰੂ ਟਿਕੇ ਯਾ ਆਪ ਅਕਾਲ ਪੁਰਖ ਥਾਪੇ। ਐਸੇ ਪਾਰਬ੍ਰਹਮ ਸੇਤੀ ਇਕ-ਮਿਕ ਹੋਏ ਗੁਰੂ ਕੇ ਬਚਨ ਦੀ ਮਹਿਮਾ ਉਪਰਲੇ ਗੁਰਵਾਕ ਅੰਦਰ ਵਰਣਨ ਹੈ। ਗੁਰੂ ਕਾ ਬਚਨ, ਗੁਰਬਚਨ ਪਾਲਣ-ਹਾਰਿਆਂ ਦੀ ਪੂਰਨ ਪੈਜ ਰਖਾਵਣਹਾਰ ਹੈ। ਗੁਰੂ ਕੇ ਬਚਨ ਦੀ ਬਰਕਤ ਨਾਲ ਹੀ ਨਾਮ ਧਿਆਇਆ ਜਾ ਸਕਦਾ ਹੈ। ਨਹੀਂ ਤਾਂ ਨਾਮ ਦਾ ਆਮ ਲੋਕਾਂ ਨੂੰ ਪਤਾ ਹੀ ਨਹੀਂ ਲਗਦਾ। ਗੁਰੂ ਦੇ ਪਰਸਾਦ ਕਰਕੇ ਹੀ ਗੁਰੂ ਕੇ ਬਚਨ ਵਿਖੇ ਦ੍ਰਿੜ੍ਹਤਾ ਮਈ ਇਸਥਿਤੀ ਹੁੰਦੀ ਹੈ। ਗੁਰੂ ਕੇ ਬਚਨ ਨੂੰ ਸੁਣ ਕੇ ਹੀ ਸਤਿਗੁਰੂ ਦੀ ਦਿਤੀ ਸਿਮਰਨ-ਦਾਤਿ ਨੂੰ ਰਸਨਾ ਰਟਨ ਅਭਿਆਸ ਦੀ ਵਿਖਿਆਤ ਕਮਾਈ ਕਰ ਸਕਦੀ ਹੈ। ਗੁਰ ਬਚਨ ਦੀਆਂ ਕਮਾਈਆਂ ਕਰ ਕਰ ਕੇ ਹੀ ਗੁਰੂ ਦੀ ਐਸੀ ਕਿਰਪਾ ਹੋਇ ਆਉਂਦੀ ਹੈ ਕਿ ਸਿਲ ਅਲੂਣੀ ਚਾਟ ਵਾਲਾ ਨਾਮ, ਅੰਮ੍ਰਿਤ ਰਸ ਰਸੰਨਾ ਹੋਇ ਵਿਗਸਦਾ ਹੈ। ਗੁਰੂ ਕੇ ਬਚਨ ਦੇ ਪਰਤਾਪ ਕਰਿ ਹੀ ਪ੍ਰਾਣੀਆਂ ਦਾ ਆਪਾ ਭਾਵ ਵਾਲਾ ਹਉਮੈ-ਰੋਗ ਚੁਕਿਆ ਜਾਂਦਾ ਹੈ।

ਵੇਦਾਂਤ ਦੇ ਪਾਠ ਨਾਲ ਪਾਹੇ ਹੋਏ ਕਈ ਇਕ ਗੁਰਮਤਿ ਗਿਰਾਹੀ ਭੀ ਆਪੇ ਨੂੰ ਜਫਾ ਮਾਰ ਬੈਠਦੇ ਹਨ ਅਤੇ ਆਪਾ ਪਛਾਨਣ ਉਤੇ ਹੀ ਜ਼ੋਰ ਦਿੰਦੇ ਹਨ। ਆਪਾ ਹੀ ਤਾਂ ਸਾਰੀ ਹਉਮੈ ਹੈ, ਜਦੋਂ ਨਾਮ ਕਮਾਈ ਦੁਆਰਾ ਆਪਾ ਬਿਨਸ ਗਿਆ ਤਾਂ ਆਪੇ ਦਾ ਅਭਾਵ ਹੋ ਗਿਆ। ਉਥੇ ਤਾਂ ਜੋਤਿ ਸਰੂਪ ਦੇ ਹੀ ਦਰਸ਼ਨ ਹਨ। ਆਪੇ ਨੂੰ ਜਫਾ ਪਾਉਣ ਦੀਆਂ ਵਹਿਦਤਾਂ ਉਥੇ ਕਿਥੇ ? ਜੋਤਿ ਸਰੂਪ ਨੂੰ ਚੀਨਣਾ ਆਪਾ ਚੀਨਣਾ ਨਹੀਂ ਹੈ। ਇਹ ਚੀਨਣਾ ਕਿ ਆਤਮਾ ਪਰਮਾਤਮਾ ਦੀ ਅੰਸ ਹੈ, ਇਹ ਆਪੇ ਦਾ ਅਸਲ ਚੀਨਣਾ ਹੈ। ਇਸ ਬਿਧਿ ਆਪਾ ਚੀਨੇ ਬਿਨਾਂ ਭਰਮ ਦੀ ਕਾਈ ਨਹੀਂ ਮਿਟਦੀ। ਪਰੰਤੂ ਪਰਮਾਤਮਾ ਦੇ ਪਛਾਨਣ ਨੂੰ ਹੀ ਆਪਾ ਚੀਨਣਾ ਦਸਣਾ ਪਰਮ ਭੁਲ ਹੈ। ਆਪੇ ਦਾ ਅੰਸ ਜੋਤਿ ਸਰੂਪ ਦੇ ਮੂਲ ਵਿਚ ਹੈ। ਗੁਰਸਿਖਾਂ ਨੇ ਜੋਤਿ ਸਰੂਪੀ ਮੂਲ ਨੂੰ ਪਛਾਨਣਾ ਹੈ ਅਤੇ ਆਪੇ ਨੂੰ ਹੀ ਮੰਨਣਾ ਹੈ। ਪਰੰਤੂ ਇਹ ਗੁਰ ਪ੍ਰਸਾਦਿ ਗੁਰ ਕੇ ਬਚਨ ਦੁਆਰਾ ਹੀ ਪਛਾਣਿਆ ਜਾ ਸਕਦਾ ਹੈ, ਆਪੇ ਨਹੀਂ।

ਜਦੋਂ ਆਪਾ ਭਾਵ ਮਿਟ ਜਾਂਦਾ ਹੈ ਤਦੋਂ ਗੁਰੂ ਦੀ ਅਪਾਰ ਦਇਆ ਹੋ ਜਾਂਦੀ ਹੈ ਅਤੇ ਗੁਰੂ ਦੀ


www.AKJ.Org

ਅਪਾਰ ਦਇਆ ਦੇ ਕਾਰਨ ਗੁਰਬਚਨ ਕਮਾਵਣਹਾਰੇ ਦਾ ਪ੍ਰਤਾਪ ਹੀ ਵਡਾ ਹੋ ਜਾਂਦਾ ਹੈ, ਪਰ ਏਵਡ ਵਡਾ ਪ੍ਰਤਾਪ ਨਹੀਂ ਕਿ ਉਹ ਖ਼ੁਦ ਸਿਮਰਨ-ਦਾਤਾ ਸਤਿਗੁਰੂ ਜੀ ਬਣ ਬੈਠੇ। ਏਸ ਭਰਮ-ਭੁਲਾਵੇ ਵਿਚ ਉਹ ਪੈਂਦਾ ਹੀ ਨਹੀਂ, ਬਲਕਿ ਅਗਲੀ ਗੁਰ ਪੰਗਤੀ ਦੱਸਦੀ ਹੈ ਕਿ ਗੁਰ ਦੇ ਬਚਨ ਦੀ ਬਰਕਤ ਨਾਲ, ਆਪਣੇ ਆਪ ਨੂੰ ਵਡੇ ਮੰਨਣ ਵਾਲਾ ਸੂਖਸ਼ਮ ਹੰਕਾਰਮਈ ਭਰਮ ਭੀ ਮਿਟ ਜਾਂਦਾ ਹੈ, ਸਗੋਂ ਗੁਰ ਕੇ ਬਚਨ ਤੋਂ ਹੀ ਸਭ ਪ੍ਰਤਾਪ ਪ੍ਰਤੀਤ ਹੁੰਦਾ ਹੈ। ਗੁਰੂ ਦੇ ਬਚਨ ਦੇ ਪ੍ਰਤਾਪ ਨਾਲ ਪਾਰਬ੍ਰਹਮ ਪਰਤੱਖ ਹੋਇ ਆਂਵਦਾ ਹੈ। ਬਸ ਬ੍ਰਹਮ ਹੀ ਬ੍ਰਹਮ ਪੇਖਣ ਵਿਚ ਆਉਦਾ ਹੈ।

ਗੁਰੂ ਦੇ ਬਚਨ ਦੇ ਬਲ ਨਾਲ ਰਾਜ ਜੋਗ ਮਾਨਣ ਦੀ ਸਮੱਰਥਾ ਬਣ ਆਉਂਦੀ ਹੈ। ਗੁਰੂ ਦੀ ਸੰਗਤ ਕਰਕੇ ਹੀ ਸਾਰੀ ਲੁਕਾਈ ਦਾ ਨਿਸਤਾਰਾ ਹੁੰਦਾ ਹੈ। ਗੁਰੂ ਦੇ ਬਚਨ ਦੇ ਪ੍ਰਸਾਦ ਕਰਿ ਹੀ ਨਾਮ ਰੂਪੀ ਨਿਧੀ ਹਾਸਲ ਹੁੰਦੀ ਹੈ। ਜਿਸ ਕਿਸੇ ਨੇ ਭੀ ਮਨ ਬਚ ਕਰਕੇ ਸੱਚੇ ਸਤਿਗੁਰੂ ਉਤੇ ਆਸਾ ਭਰੋਸਾ ਭਾਵਨੀ ਸ਼ਰਧਾ ਰਖੀ ਹੈ ਤਿਸ ਤਿਸ ਦੀ ਜਮ ਦੀ ਫਾਸ ਕਟੀ ਗਈ ਹੈ। ਗੁਰੂ ਕੇ ਬਚਨ ਦੇ ਬਲ ਨਾਲ ਹੀ ਗੁਰਬਚਨ ਕਮਾਵਣਹਾਰੇ ਦਾ ਪੂਰਬਲਾ ਕਰਮ ਜਾਗ ਪੈਂਦਾ ਹੈ ਅਤੇ ਓਹ ਪਾਰਬ੍ਰਹਮ ਨੂੰ ਭੇਟਣਹਾਰਾ ਸਚਿਆਰ ਗੁਰਸਿਖ ਬਣ ਜਾਂਦਾ ਹੈ। ਇਹ ਸਭ ਵਡਿਆਈ ਸਤਿਗੁਰੂ ਦਾਤਾਰ ਦੀ ਦਿਤੀ ਸਿਮਰਨ-ਦਾਤਿ ਕਲਾ ਨੂੰ ਹੈ। ਸਿਮਰਨ-ਦਾਤਿ ਦੀ ਕਲਾ ਕੇਵਲ ਕਲਾਧਾਰੀ ਸਤਿਗੁਰੂ ਹੀ ਵਰਤਾ ਸਕਦਾ ਹੈ। ਸਿਮਰਨ-ਦਾਤਿ-ਕਲਾ ਦੀ ਸਮਰੱਥਾ ਤੋਂ ਹੀਣ ਦੇਹਧਾਰੀ ਗੁਰੂ-ਡੰਮੀਆਂ ਨੂੰ ਐਵੇਂ ਅਣਹੋਇਆ ਮੇਨੀਆਂ ਗੁਰੂ ਬਣ ਬਹਿਣ ਦਾ ਲਗਾ ਹੋਇਆ ਹੈ। ਅਜਿਹੇ ਗੁਰੂ ਬਣਾਉਣ ਦੇ ਠੇਕੇਦਾਰ ਗੁਰੂ-ਮੇਕਰਾਂ (guru makers) ਦਾ ਭੀ ਜੇ ਗੁਰੂ ਬਣਾਉਣ ਵਾਲਾ ਝਸ ਮੇਨੀਆ ਪੂਰਾ ਹੁੰਦਾ ਨਾ ਦਿਸੇ, ਯਾ ਉਸ ਵਿਚ ਕੋਈ ਠੇਸ ਲਗੇ ਤਾਂ ਉਹ ਭੂਹੇ ਹੋ ਹੋ ਕੇ ਆਪੇ ਤੋਂ ਬਾਹਰ ਹੋ ਜਾਂਦੇ ਹਨ। ਸਤਿਗੁਰੂ ਸੱਚਾ ਪਾਤਸ਼ਾਹ ਉਹਨਾਂ ਨੂੰ ਸੁਮੱਤ ਬਖਸ਼ੇ ਅਤੇ ਦੀਰਘ ਸਹਿਨ-ਸ਼ੀਲਤਾ ਵਾਲਾ ਗੁਰਮਤਿ ਬਿਬੇਕ ਵੀਚਾਰ ਪਰਦਾਨ ਕਰੇ।

ਗੁਰੂ ਕੇ ਬਚਨ ਵਿਚ ਹੀ ਇਹ ਸਤਿਆ ਹੈ, ਜੈਸੀ ਕਿ ਪਿਛੇ ਦਿਤੇ ਗੁਰਪ੍ਰਮਾਣ ਨੇ ਦਰਸਾਈ ਹੈ। ਗੁਰੂ ਕੇ ਬਚਨ ਵਿਚ ਹੀ ਅਮੋਘ ਖਾਣ ਹਨ। ਅੱਜ ਕਲ੍ਹ ਦੇ ਅਨਜਾਣ ਮਨੁਖ ਸਾਧਾਂ ਸੰਤਾਂ ਨੂੰ ਗੁਰੂ ਡੰਮ ਦਾ ਧਨੇਸੂ ਥਾਪ ਕੇ ਉਹਨਾਂ ਪਾਸੋਂ ਗੁਰੂ ਸਦਰਸ ਬਚਨਾਂ ਦੀ ਸਿਧੀ ਮੰਗਦੇ ਹਨ। ਉਹ ਧਨੇਸੂ ਭੀ ਵਡਿਆਈ ਨਾਲ ਫੁਲ ਫੁਲ ਕੇ ਅਤੇ ਧਨੇਸੂਪਣੇ ਦੇ ਅਣਹੋਏ ਅਕੜੇਵੇਂ ਵਿਚ ਆਕੜ ਕੇ ਬਚਨ-ਦਾਤੇ ਬਣ ਬਹਿੰਦੇ ਹਨ ਅਤੇ ਸੱਚੇ ਗੁਰੂਆਂ ਦੀ ਰੀਸ ਦਾ ਕੁਚੱਜ ਕਰ ਲੈਂਦੇ ਹਨ, ਪਰ ਉਹਨਾਂ ਤੋਂ ਸਰਦਾ ਪੁਜਦਾ ਕੁਛ ਨਹੀਂ। ਬਪੁੜੇ ਲੋਕੀਂ ਉਹਨਾਂ ਦੀ ਹਉਮੈ ਹੀ ਵਧਾਉਂਦੇ ਹਨ ਅਤੇ ਫੋਕੀਆਂ ਸੁਆਰਥ ਭਰੀਆਂ ਦੁਕਾਨਦਾਰੀਆਂ ਚਲਾਉਂਦੇ ਹਨ। ਦੇਹਧਾਰੀ ਅਲਪੱਗ ਗੁਰੂਆਂ ਦੇ ਮੂੰਹਾਂ ਵਿਚੋਂ ਨਿਕਲੇ, ਫੋਕੇ ਕਚਪਿਚੇ ਬਚਨ ਕਦੇ ਗੁਰੂ ਦੇ ਅਮੋਘ ਬਾਣ-ਬਚਨਾਂ ਦੇ ਤੁਲ ਹੋ ਸਕਦੇ ਹਨ? ਕਦਾਚਿਤ ਨਹੀਂ। ਨਾਮ ਅਭਿਆਸ ਦੀ ਅਗਾਧ ਕਮਾਈ ਵਾਲੇ ਗੁਰਮੁਖ ਜਨਾਂ ਨੂੰ ਸੁਤੇ ਸਿਧ ਹੀ ਬਚਨਾਂ ਦੀ ਸਿਧੀ ਹੋ ਆਉਂਦੀ ਹੈ, ਪਰ ਉਹ ਏਸ ਨੂੰ ਵਰਤਦੇ ਨਹੀਂ, ਵਰਤਣ ਨੂੰ ਸਗੋਂ ਮਨਮਤਿ ਸਮਝਦੇ ਹਨ। ਜਿਨ੍ਹਾਂ ਨੇ ਤਨਕ ਮਾਤਰ ਸਿਧੀ ਨੂੰ ਪਾ ਕੇ ਵਰਤਣ ਦਾ ਜੰਜਾਲ ਸਹੇੜ ਲਿਆ, ਉਹ ਬਸ ਏਧਰ ਹੀ ਰੁੜ੍ਹ ਗਏ। ਉਹਨਾਂ ਦਾ ਪ੍ਰਮਾਰਥ ਗਿਆ ਗਵਾਤਾ ਹੋ ਗਿਆ, ਓੜਕ ਉਹ ਫੋਕੇ ਬੂੜ-ਬੁੜੱਕੜ ਹੀ ਰਹਿ ਗਏ। ਗੁਰੂ ਦਾ ਤੱਤ ਬਚਨ ਨਾਮ ਗੁਰਮੰਤਰ ਹੈ। ਇਸ ਗੁਰਮੰਤਰ ਰੂਪੀ ਗੁਰਬਚਨ ਦੀ ਹੀ ਮਹਿਮਾ ਪਿਛੇ ਦਿਤੇ ਗੁਰਵਾਕ ਅੰਦਰ ਵਰਤੀ ਗਈ ਹੈ। ਇਸ ਮਹਾਂ ਮੰਤਰ ਦੇ ਮੁਕਾਬਲੇ ਵਿਚ ਕੱਚੇ ਗੁਰੂ ਕੱਚੇ ਬਚਨਾਂ ਦੇ ਹਲਦੀ ਦੀ ਗੰਠੀ ਵਾਂਗ ਪਨਸਾਰੀ ਬਣ ਬਹਿੰਦੇ ਹਨ। ਸੰਸਾਰ ਦੇ ਸੁਾਰਥੀਆਂ ਦੀ ਅਜਿਹੇ ਬਚਨ-ਵਰ ਦੇਣ ਵਾਲੇ ਹਲਦੀ-ਗੰਠੀ-ਪਨਸਾਰੀਆਂ ਪਾਸੋਂ ਹੀ ਧਤ ਪੂਰੀ ਹੁੰਦੀ ਹੈ। ਬਚਨਾਂ ਸਿਰ,ਬਚਨ ਗੁਰੂ ਕਾ ਸ਼ਬਦ ਗੁਰਮੰਤਰ ਹੈ ਅਤੇ ਤੱਤ ਬਚਨ ਸਿਧੀ ਗੁਰੂ ਹੁਕਮਾਂ ਰੂਪ ਬਚਨ ਨੂੰ ਕਮਾਉਣ ਵਿਚ, ਅਰਥਾਤ ਗੁਰ ਸ਼ਬਦ ਗੁਰਮੰਤਰ ਦੀ ਕਮਾਈ ਵਿਚ ਹੈ। ਇਸ ਤੋਂ ਬਿਨਾਂ ਹੋਰ ਰਿਧ ਸਿਧ ਸਭ ਮੋਹ ਰੂਪ ਹੈ, ਜਿਸ ਦੇ ਵਿਚ ਖਚਤ ਹੋਣ ਕਰਿ ਨਮੂਦ ਮਾਤਰ ਨਿੰਮ੍ਹਿਆ ਨਾਮ ਭੀ ਮਨ ਵਿਚੋਂ ਨਿਕਲ ਜਾਂਦਾ ਹੈ। ਯਥਾ ਗੁਰਵਾਕ :-

ਰਿਧਿ ਸਿਧ ਸਭੁ ਮੋਹੁ ਹੈ ਨਾਮੁ ਨ ਵਸੈ ਮਨਿ ਆਇ ...... ॥੧॥ (੧੯)

(ਸਲੋਕੁ ਮ: ੩, ਵਡਹੰਸ ਕੀ ਵਾਰ, ਪੰਨਾ ੫੯੩)

ਜਿਨ੍ਹਾਂ ਦੇ ਅੰਦਰ ਨਾਮ ਵਸ ਰਸ ਗਿਆ, ਜਿਨ੍ਹਾਂ ਦੇ ਅੰਦਰ ਨਾਮ ਦਾ ਅੰਤਰ-ਨਿਵਾਰਨੀ ਰਸ ਆ ਗਿਆ ਹੈ, ਤਿਨ੍ਹਾਂ ਨੂੰ ਰਿਧਿ ਸਿਧ ਦੀ ਕੁਚੇਸ਼ਟਾ ਹੀ ਨਹੀਂ ਵਿਆਪਦੀ। ਦਾਤੇ ਦੇ ਰਚਿਤ ਜੀਵ ਅਲਪੱਗ



www.AKJ.Org

ਮਨੁੱਖ, ਦਾਤੇ ਦੀਆਂ ਦਿਤੀਆਂ ਦਾਤਾਂ ਦੀ ਸੰਭਾਲ ਤਾਂ ਕਰ ਸਕਦੇ ਨਹੀਂ, ਹੋਰ ਅਲਪੱਗ ਦਾਤਿ-ਮੰਗਤਿਆਂ ਦੀਆਂ ਫੁਲੌਹਣੀਆਂ ਦੇ ਫੁਲਾਏ ਬਫਾਏ ਹੋਏ ਅਣਹੋਏ ਦਾਤੇ ਬਣ ਬਣ ਬਹਿੰਦੇ ਹਨ। ਰਿਜ਼ਕ ਦਾ ਦਾਤਾ, ਦੁੱਧ, ਪੁੱਤ ਦਾ ਦਾਤ, ਸੁਆਰਥ ਪਰਮਾਰਥ ਸਿਧੀ ਦਾ ਦਾਤਾ, ਧਰਮ ਅਰਥ ਕਾਮ ਮੋਖ ਦਾ ਦਾਤਾ ਆਪ ਗੁਰੂ ਕਰਤਾਰ ਹੈ। ਜੀਅ ਜੀਵਨ ਦਾ ਦਾਤਾ, ਮਨੁੱਖ ਜਨਮ ਦਾ ਦਾਤਾ ਭੀ ਆਪ ਦਾਤਾਰ ਸਤਿਗੁਰੂ ਨਿਰੰਕਾਰ ਹੀ ਹੈ। ਪਰ ਇਹ ਦਾਤਿ ਰੂਪ ਮਨੁਖ ਜੀਵੜੇ ਮੰਗਤੇ, ਇਹਨਾਂ ਸਭ ਵਸਤੂਆਂ ਦੇ ਦਾਤੇ ਆਪਣੇ ਆਪ ਨੂੰ ਹੀ ਕਿਆਸ ਕਰ ਬਹਿੰਦੇ ਹਨ। ਕਿਤਨੀ ਰਸਾਤਲ ਨੂੰ ਜਾਣ ਵਾਲੀ ਗੱਲ ਹੈ। ਖਾਸ ਕਰ ਸਭ ਤੋਂ ਵੱਡੀ ਦਾਤਿ ਸਿਮਰਨ ਦਾਤਿ ਦਾ ਦਾਤਾਰ ਬਣ ਬੈਠਣਾ ਤਾਂ ਅਲਪੱਗ ਮਨੁਖ ਲਈ ਅਤੀਅੰਤ ਹੀ ਰੋੜ੍ਹਨ ਅਤੇ ਗਈ ਨਾ ਬਹੋੜਨ ਵਾਲੀ ਗੱਲ ਹੈ।

ਨਾਮ ਰੂਪੀ ਸੱਚਾ ਨਿਧਾਨ ਸਤਿਗੁਰੂ ਸਰਬੱਗ ਦੇ ਦਿਬ ਦੈਵੀ ਸਰੂਪ ਦੇ ਅੰਦਰ ਹੈ। ਇਹ ਨਾਮ ਰੂਪੀ ਨਿਧਾਨ ਸਤਿਗੁਰੂ ਤੋਂ ਹੀ ਪ੍ਰਾਪਤ ਹੁੰਦਾ ਹੈ, ਪਰ ਕਰਮਾਂ ਸੇਤੀ ਹੁੰਦਾ ਹੈ। ਗੁਰਮੁਖ ਸੇਵਕ ਸਿਖ ਸੰਤ ਜਨ ਸਤਿਗੁਰਾਂ ਪਾਸੋਂ ਨਾਮ ਦੀ ਦਾਤਿ ਲੈ ਕੇ ਖ਼ੁਦ ਨਾਮ ਦੇ ਦਾਤੇ ਨਹੀਂ ਬਣ ਬੈਠਦੇ, ਉਹ ਤਾਂ ਸਤਿਗੁਰੂ ਦਾਤਾਰ ਪਾਸੋਂ ਸ਼ਬਦ ਸਿਮਰਨ ਦੀ ਦਾਤਿ ਲੈ ਕੇ, ਇਸ ਦਾਤਿ-ਕਮਾਈ ਦੀ ਪਾਰਸ-ਕਲਾ ਨਾਲ ਪਰਸਤ ਹੋ ਕੇ ਸ਼ਬਦ-ਰੰਗਾਂ ਦੀ ਸੱਚੀ ਰੰਗਣ ਵਿਚ ਰੰਗੇ ਜਾਂਦੇ ਹਨ ਅਤੇ ਸੱਚੀ ਅਤੇ ਸਦੀਵ ਲਿਵਲੀਨਤਾ ਨੂੰ ਪ੍ਰਾਪਤ ਹੋ ਜਾਂਦੇ ਹਨ। ਲਿਵਲੀਨ ਹੋ ਕੇ ਭੀ ਸਿਮਰਨ-ਦਾਤਿ ਸਿਮਰਾਉਣ ਦੇ ਅਧਿਕਾਰੀ ਦਾਅਵੇਦਾਰ ਨਹੀਂ ਬਣਦੇ। ਯਥਾ ਗੁਰਵਾਕ :-

ਸਤਿਗੁਰ ਵਿਚਿ ਨਾਮੁ ਨਿਧਾਨੁ ਹੈ ਕਰਮਿ ਪਰਾਪਤਿ ਹੋਇ॥
ਸਚਿ ਰਤੇ ਗੁਰ ਸਬਦ ਸਿਉ ਤਿਨ ਸਚੀ ਸਦਾ ਲਿਵ ਹੋਇ ॥੧॥ (੧੪)

(ਸਲੋਕੁ ਮ: ੩, ਸਿਰੀਰਾਗ ਕੀ ਵਾਰ, ਪੰਨਾ ੮੮)

*ਸਿਖ ਰੂਪ ਸੰਤ-ਮਹੰਤ ਸਿਮਰਨ-ਦਾਤੇ ਨਹੀਂ ਹੋ ਸਕਦੇ-*

ਸਿਖ ਰੂਪ ਸਾਧ ਮਹੰਤ ਸਿਮਰਨ-ਦਾਤੇ ਨਹੀਂ ਹੋ ਸਕਦੇ। ਸਤਿਗੁਰੂ ਰੂਪ ਸਾਧ ਸੰਤ ਹੀ ਸਿਮਰਨ-ਦਾਤੇ ਹਨ। ਸਿਮਰਨ-ਦਾਤੇ ਐਸੇ ਸਤਿਗੁਰੂ ਰੂਪ ਸਾਧ ਜਾਮੇ, ਬਸ ਕੇਵਲ ਦਸੇ ਗੁਰੂ ਪਾਤਸ਼ਾਹੀ ਜਾਮੇ ਹੀ ਹਨ। ਹੋਰ ਕੋਈ ਇਕ ਇਕੱਲਾ ਦੇਹ-ਧਾਰੀ ਸਾਧ ਸੰਤ ਗੁਰੂ ਸਦਰਸ ਨਹੀਂ ਹੋ ਸਕਦਾ। ਪੰਚ ਪਰਵਾਨ ਜਨਾਂ ਦੇ ਅੰਦਰ ਗੁਰੂ-ਜੋਤਿ ਕਲਾ ਵਰਤਦੀ ਹੈ, ਪਰ ਇਹਨਾਂ ਪੰਚਾਂ ਦੁਆਰਾ ਗੁਰੂ ਕਲਾ ਵਰਤਦੀ ਹੈ ਕੇਵਲ ਦਸਾ ਗੁਰੂਆਂ ਦੇ ਸੱਚੇ ਸਰੂਪ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਤਾਬਿਆ ਹਜ਼ੂਰੀ ਵਿਚ। ਐਸੇ ਸਤਿਗੁਰੂ ਰੂਪ ਸਾਧਾਂ ਦੀ ਕੀ ਨਿਸ਼ਾਨੀ ਹੈ। ਯਥਾ ਗੁਰਵਾਕ :-

ਤੇ ਸਾਧੂ ਹਰਿ ਮੇਲਹੁ ਸੁਆਮੀ ਜਿਨ ਜਪਿਆ ਗਤਿ ਹੋਇ ਹਮਾਰੀ॥
ਤਿਨ ਕਾ ਦਰਸੁ ਦੇਖਿ ਮਨੁ ਬਿਗਸੈ ਖਿਨੁ ਖਿਨੁ ਤਿਨ ਕਉ ਹਉ ਬਲਿਹਾਰੀ ॥੧॥
ਤਿਨ ਮਤਿ ਊਤਮ ਤਿਨ ਪਤਿ ਊਤਮ ਜਿਨ ਹਿਰਦੈ ਵਸਿਆ ਬਨਵਾਰੀ॥
ਤਿਨ ਕੀ ਸੇਵਾ ਲਾਇ ਹਰਿ ਸੁਆਮੀ ਤਿਨ ਸਿਮਰਤ ਗਤਿ ਹੋਇ ਹਮਾਰੀ॥੨॥
ਜਿਨ ਐਸਾ ਸਤਿਗੁਰੁ ਸਾਧੁ ਨ ਪਾਇਆ ਤੇ ਹਰਿ ਦਰਗਹ ਕਾਢੇ ਮਾਰੀ॥
ਤੇ ਨਰ ਨਿੰਦਕ ਸੋਭ ਨ ਪਾਵਹਿ ਤਿਨ ਨਕ ਕਾਟੇ ਸਿਰਜਨਹਾਰੀ ॥੩॥ (੪॥੨॥੬)

(ਭੈਰਉ ਮ: ੪, ਪੰਨਾ ੧੧੩੫)

ਸਾਧ ਪਦ ਇਸ ਗੁਰਵਾਕ ਅੰਦਰ ਗੁਰੂ ਪ੍ਰਥਾਇ ਵਰਤਿਆ ਗਿਆ ਹੈ, ਜੈਸੇ ਕਿ ਹੋਰ ਅਨੇਕ ਗੁਰਵਾਕਾਂ ਅੰਦਰਿ ਅਕਸਰ ਐਸੀ ਵਰਤੋਂ ਹੈ। ਸਤਿਗੁਰੂ ਰੂਪ, ਦਸ ਜਾਮਿਆਂ ਵਿਚ ਹੀ ਹੋਇ ਹਨ। ਦਸਾਂ ਗੁਰੂ ਜਾਮਿਆ ਦਾ ਸਾਖਯਾਤ ਸਰੂਪ ਸ੍ਰੀ ਗੁਰੂ ਗ੍ਰੰਥ ਸਾਹਿਬ ਰੂਪੀ ਜੁਗ ਜੁਗ ਅਵਤਾਰੀ ਗੁਰੂ ਸਾਧ, ਸਦਾ ਸਹਿਜ-ਸਮਾਧੀ ਵਿਚ ਅਸਥਿਤ ਗੁਰੂ-ਸਾਧ ਰੂਪ ਪ੍ਰਗਟ ਹੋਇਆ। ਇਹਨਾਂ ਗੁਰੂ ਜਾਮਿਆਂ ਤੋਂ ਪਹਿਲਾਂ ਧਰਮ-ਧਰਾ ਨੂੰ ਥੰਮਣਹਾਰਾ ਨਾ ਕੋਈ ਗੁਰੂ ਸਾਧ ਹੋਇਆ ਨਾ ਹੋਸੀ। ਗੁਰੂ ਮਿਲਾਪ ਦੇ ਸਰਧਾਵਾਨ ਤੇ ਸਿਖ ਯਾਚਕਾਂ ਨੂੰ ਗੁਰੂ-ਸਾਧ ਸਰੂਪ ਦੇ ਤੇਜ ਪੁੰਜ ਜੋਤਿ ਕੁੰਜ ਦਰਸ਼ਨ ਯਥਾ ਅਧਿਕਾਰ ਸਮੇਂ ਹੀ ਹੋਏ ਹਨ, ਹੋ ਰਹੇ ਹਨ ਅਤੇ ਹੁੰਦੇ ਰਹਿਣਗੇ। ਐਸੇ ਸਾਧੂ, ਜਿਨ੍ਹਾਂ ਦੀ ਦਰਸ਼ਨ-ਯਾਚਨਾ ਦੇ ਚਿਤੰਨ ਰੂਪੀ ਯਾਦ ਜਾਪ ਦੀ ਬਰਕਤ ਨਾਲ, ਯਾਚਕਾਂ


www.AKJ.Org

ਦੀ ਗਤੀ ਹੋ ਜਾਂਦੀ ਹੈ, ਕੇਵਲ ਸਤਿਗੁਰੂ ਰੂਪੀ ਸਾਧ ਹੀ ਹਨ। ਸਤਿਗੁਰੂ ਸਾਧ ਦਾ ਇਕ ਵਾਰ ਰਿਦੰਤਰਿ ਝਲਕਿਆ ਦਰਸ਼ਨ-ਝਲਕਾ, ਇਕ ਵਾਰ ਦੇ ਮਿਲਾਪ ਦਾ ਦਰਸ਼ਨ ਝਲਕਾ ਬਹੁਰਿ ਬਹੁਰਿ ਮਿਲਣ ਲਈ ਕੇਵਲ ਦਰਸ਼ਨ ਦੀ ਯਾਦ ਦੇ ਜਪ ਦਾ ਹੀ ਦਰਕਾਰੀ ਹੈ। "ਤਿਨ ਸਿਮਰਨ ਗਤਿ ਹੋਇ ਹਮਾਰੀ" ਵਾਲੀ ਸੰਪੂਰਨ ਘਟਨਾ ਸਾਧ-ਗੁਰੂ ਦੇ ਜਪਿਆਂ ਹੀ ਘਟਦੀ ਹੈ, ਗੁਰੂ ਗੁਰੂ ਜਪਣ ਨਾਲ ਗੁਰੂ ਦੇ ਦਰਸ਼ਨ ਹੋ ਜਾਂਦੇ ਹਨ। ਗੁਰੂ ਗੁਰੂ ਜਾਪ ਅਭਿਆਸ ਦੀ ਪਾਰਸ ਕਮਾਈ ਗੁਰੂ ਦਰਸ਼ਨ ਦਰਸਾਉਣ ਨੂੰ ਪਾਰਜਾਤ ਹੈ। ਗੁਰੂ ਗੁਰੂ ਜਪਿਆਂ ਗਤੀ ਹੁੰਦੀ ਹੈ, ਗੁਰੂ ਗੁਰੂ ਰੂਪੀ ਪੂਰੇ ਸ਼ਬਦ ਦੀ ਜਾਪ ਸਕਤਿ ਨਾਲ, ਪੂਰੇ ਗੁਰੂ ਦੀ ਸਿਫ਼ਤ-ਸਲਾਹ, ਜਾਪ ਦੁਆਰਾ ਵਾਹਿਗੁਰੂ ਅਤੇ ਵਾਹਿਗੁਰੂ ਨਾਲ ਅਭੇਦ ਸਤਿਗੁਰੂ ਜੀ ਦਾ ਜੋਤਿ-ਮਿਲਾਵਾ ਹੋ ਜਾਂਦਾ ਹੈ। ਸਤਿਗੁਰੂ ਸਾਧ ਦਾ ਦਰਸ਼ਨ ਦੇਖਦਿਆਂ ਦਰਸ ਮਾਤਰ ਸ਼ਰਧਾਲੂਆਂ ਦੇ ਰਿਦੰਤਰ ਹਰਿ ਜੋਤਿ ਦਾ ਵਿਗਾਸ ਹੋ ਜਾਂਦਾ ਹੈ। ਐਸੇ ਸਤਿਗੁਰੂ ਦੀ ਸਿਮਰਨ ਸੇਵਾ ਪੂਜਾ ਹੀ ਗਤਿ ਕਲਿਆਨ-ਕਾਰਕ ਹੈ।

ਜਿਨ੍ਹਾਂ ਨੇ ਐਸੇ ਸਤਿਗੁਰੂ ਸਾਧ ਦਸੋਂ ਗੁਰੂ ਜੋਤਿ ਜਾਮਿਆਂ ਦੇ ਜ਼ਾਹਰਾ ਜ਼ਹੂਰ ਸਾਖਯਾਤ ਸਰੂਪ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰੂ ਧਾਰਨ ਨਹੀਂ ਕੀਤਾ ਸੋ ਸਭ ਨਿਗੁਰੇ ਹਨ। ਤਿਨ੍ਹਾਂ ਨਿਗੁਰਿਆਂ ਨੂੰ ਹਰਿ ਦਰਗਹਿ ਢੋਈ ਨਹੀਂ। ਤਿਨ੍ਹਾਂ ਨਿਗੁਰਿਆਂ ਨੂੰ, ਆਪੋ ਬਣਿ ਬਣਿ ਬੈਠਣਹਾਰੇ ਗੁਰੂਆਂ ਨੂੰ ਅਗੇ ਜਾ ਕੇ ਜਮਾਂ ਦੀ ਮਾਰ ਪਏਗੀ ਅਤੇ ਮਾਰ ਮਾਰ ਕੇ ਕਢੇ ਜਾਣਗੇ, ਸੱਚੀ ਦਰਗਾਹੇ ਜਾਣੇ ਨਹੀਂ ਪਾਉਣਗੇ, ਧੱਕੇ ਦੇ ਕੇ ਬਾਹਰ ਕਢੇ ਜਾਣਗੇ। ਗੁਰੂ ਤੋਂ ਬੇਮੁਖ ਨਿਗੁਰੇ ਨਰ ਦਰ-ਅਸਲ ਗੁਰੂ ਦੇ ਨਿੰਦਕ ਹਨ, ਉਹ ਨਾ ਸਿਰਫ ਸਤਿਗੁਰੂ ਨੂੰ ਗੁਰੂ ਮੰਨਣ ਤੋਂ ਮੁਨਕਰ ਹਨ, ਬਲਕਿ ਗੁਰੂ ਦੇ ਥਾਉਂ ਆਪ ਗੁਰੂ ਬਣ ਕੇ ਪਦਵੀ ਦੀ ਨਿਰਾਦਰੀ ਮਈ ਨਿੰਦਾ ਕਰਦੇ ਹਨ। ਸੋ ਐਸੇ ਨਰ ਨਿੰਦ ਸੱਚੀ ਸਰਕਾਰ ਦੇ ਦਰਗਾਹੀ ਦਰਬਾਰ ਵਿਚ ਜਾਣ ਦੇ ਲਾਇਕ ਹੀ ਨਹੀਂ। ਉਹ ਕਿਤੇ ਭੀ ਸੋਭਾ ਨਹੀਂ ਪਾਉਂਦੇ। ਸਿਰਜਨਹਾਰੀ ਸਰਕਾਰ ਦੇ ਉਹ ਨਕ-ਕਾਟੇ ਗੁਨਾਹਗਾਰ ਹਨ। ਤਿਨ ਨਕਟ-ਪੰਥੀਏ ਡਿੰਭੀ ਮੀਣੇ ਗੁਰੂਆਂ ਦੀ ਕੈਸੀ ਭਿਆਨਕ ਗਤੀ ਹੈ, ਜੋ ਇਸ ਗੁਰਵਾਕ ਨੇ ਨਿਰੂਪਣ ਕੀਤੀ ਹੈ। ਇਹ ਗਤ ਉਨ੍ਹਾ ਨਾਲ ਸੱਚ-ਮੁਚ ਹੋ ਕੇ ਵਰਤੇਗੀ, ਇਸ ਵਿਚ ਰੰਚਕ ਸੰਦੇਹ ਨਾ ਜਾਣੋ। ਆਪਣੇ ਆਪ ਨੂੰ ਗੁਰੂ ਭਾਵਨਾ ਦੀ ਮਨੌਤੀ ਕਰਿ ਮੱਥੇ ਟਿਕਾਉਣ ਵਾਲਿਆਂ ਦੇ ਭੀ ਮੰਦੇ ਹਾਲ ਹੋਣਗੇ। "ਜੋ ਦੀਸੈ ਗੁਰਸਿਖੜਾ ਤਿਸੁ ਨਿਵ ਨਿਵਿ ਲਾਗਉ ਪਾਇ ਜੀਉ" ਗੁਰਵਾਕ ਦੇ ਭਾਵ ਵਾਲੀ ਭਾਵਨੀ ਕਰਿ ਪਰਸਪਰ ਇਕ ਦੂਜੇ ਦੇ ਨਿਵ ਨਿਵ ਪਾਇ ਲਗਣਹਾਰਿਆਂ ਨੂੰ ਰੰਚਕ ਭੀ ਲੇਪ ਛੇਪ ਨਹੀਂ ਵਿਆਪਦਾ, ਪਰ ਜੋ ਮਨਮਤੀਏ ਪੁਰਸ਼ ਸਿਮਰਨ-ਦਾਤੇ ਹੋ ਕੇ ਆਪਣੇ ਆਪ ਨੂੰ ਪੁਜਾਉਂਦੇ ਮੱਥੇ ਟਿਕਾਉਂਦੇ ਹਨ, ਉਹ ਸਿੱਖੀ ਦੇ ਪਦ ਤੋਂ ਭੀ ਹਿਠਾਹਾਂ ਹੋ ਜਾਂਦੇ ਹਨ, ਉਨ੍ਹਾਂ ਅਗੇ ਸਿਖ ਸਮਝ ਕੇ ਨਿਵਣਾ ਭੀ ਅਯੋਗ ਹੈ। "ਜੋ ਦੀਸੈ ਗੁਰਸਿਖੜਾ" ਵਾਕ ਵਿਚ 'ਸਿਖੜਾ' ਪਦ ਗੁਰੂ ਦੇ ਪਿਆਰੇ ਸਿਖ ਦਾ, ਗੁਰੂ ਕੀ ਰਹਿਤ-ਰਹਿਣੀ ਵਾਲੇ ਸਿਖ ਦਾ ਨਿਰੂਪਕ ਹੈ, ਐਵੇਂ ਦਿਸਣ ਮਾਤਰ ਵਾਲੇ ਬਹਿਰੂਪੀਏ ਨਕਲੀ ਸਿਖਾਂ ਦਾ ਸੂਚਕ ਨਹੀਂ। ਗੁਰੂ ਪਿਆਰੇ, ਗੁਰੂ ਦੇ ਪਿਆਰੜੇ ਸਿੱਖਾਂ ਦੇ ਪੈਰੀਂ ਲਗਦੇ ਹਨ, ਗਲ ਮਿਲਦੇ ਹਨ, ਫਤਹ ਗਜਾਉਂਦੇ ਤੇ ਅਸੀਸਾਂ ਦਿੰਦੇ ਲੈਂਦੇ ਹਨ। ਆਪੋਂ ਬਣ ਬੈਠੇ ਸਿਮਰਨ-ਦਾਤਿਆਂ ਨੇ ਤਾਂ ਲੋਕਾਂ ਨੂੰ ਆਪਣੇ ਪੈਰੀਂ ਪੁਆਉਣ ਦਾ ਠੇਕਾ ਹੀ ਲੀਤਾ ਹੋਇਆ ਹੈ। ਉਹ ਪੈਰੀਂ ਪੁਆਉਣਗੇ, ਪੈਰੀਂ ਪੈਣਗੇ ਨਹੀਂ, ਕਿਉਂਕਿ ਉਨ੍ਹਾਂ ਅੰਦਰਿ ਸਿਮਰਨ-ਦਾਤੇ ਹੋਣ ਦੀ ਆਕੜ ਵੜੀ ਹੁੰਦੀ ਹੈ। ਐਵੇਂ ਨਿਖੜੰਮੀ ਰੰਘੜਊਪੁਣੇ ਵਾਲੀ ਆਕੜ।

ਇਹ ਗੁਰਮਤਿ ਗੁਣ, ਗੁਰੂ ਧਾਰੇ ਬਿਹੂਣ ਨਿਗੁਰਿਆਂ ਨੂੰ ਕਿਵੇਂ ਜਾਪਣ। ਅੰਤ ਇਨ੍ਹਾਂ ਗੁਣ ਬਿਹੂਣਾ ਪਾਸੋਂ ਭਗਤੀ ਨਹੀਂ ਹੋ ਸਕਦੀ। ਭਗਤੀ ਕੀਤਿਆਂ ਹੀ ਭਗਤਿ ਵਛਲ ਵਾਹਿਗੁਰੂ ਦਾ ਸਿਹਜ ਮਿਲਾਵਾ ਹੁੰਦਾ ਹੈ। ਯਥਾ ਗੁਰਵਾਕ–

ਬਿਨੁ ਗੁਰ ਗੁਣ ਨ ਜਾਪਨੀ ਬਿਨੁ ਗੁਣ ਭਗਤਿ ਨ ਹੋਇ ॥
ਭਗਤਿ ਵਛਲੁ ਹਰਿ ਮਨਿ ਵਸਿਆ ਸਹਿਜ ਮਿਲਿਆ ਪ੍ਰਭੁ ਸੋਇ ....॥੮॥੪॥੨੧

(ਸਿਰੀਰਾਗ ਮ: ੩ ਅਸਟਪਦੀ, ਪੰਨਾ ੬੭)

(ਪੁਸਤਕ "ਨਾਮ ਤੇ ਨਾਮ ਦਾ ਦਾਤਾ ਸਤਿਗੁਰੂ" ਵਿਚੋਂ )



www.AKJ.Org

# ਭੱਟਾਂ ਦੀ ਦਿਬ ਦ੍ਰਿਸਟੀ

(ਪ੍ਰਿ: ਸੱਜਣ ਸਿੰਘ ਜੀ)

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਮਹਾਨਤਾ ਕਥਨ ਤੋਂ ਉਪਰ ਹੈ। ਕੋਈ ਏਨਾ ਉਚਾ ਹੋਵੇ ਤਾਂ ਬਿਆਨ ਕਰਨ ਦੇ ਸਮਰਥ ਹੋਵੇ। ਪਰ ਸਰਬੋਤਮ ਵਡਿਆਈ ਸ਼ਬਦ ਗੁਰੂ ਦੀ ਮਹਿਮਾ ਦ੍ਰਿੜਾਉਣ ਕਰਕੇ ਹੈ। ਹੋਰ ਕਿਸੇਂ ਵੀ ਧਾਰਮਕ ਗ੍ਰੰਥ ਨੇ ਸਬਦ ਨੂੰ ਗੁਰੂ ਦੇ ਤੁੱਲ ਸਮਝ ਕੇ ਨਾ ਸਲਾਹਿਆ ਹੈ ਤੇ ਨਾਂ ਹੀ ਕਿਸੇ ਨੂੰ ਗੁਰਪਦਵੀ ਦਾ ਮਾਣ ਪ੍ਰਾਪਤ ਹੋਇਆ ਹੈ। ਸੰਸਾਰ ਭਰ ਵਿੱਚ ਇਹ ਵਾਹਦ ਗੁਰੂ ਗ੍ਰੰਥ ਸਾਹਿਬ ਜੀ ਹਨ ਜਿਹੜੇ ਇਕ ਵੱਡੇ ਪੈਮਾਨੇ ਤੇ ਅਕਾਲ ਪੁਰਖ ਦੇ ਨਾਮ ਨਾਲ ਸ਼ਿੰਗਾਰੇ ਹੋਏ ਹਨ। ਇਸ ਵਿਚ ਦਰਜ ਹੋਈ ਰੱਬੀ ਕਲਾਮ ਨੂੰ ਸੱਚੀ ਬਾਣੀ ਆਖਿਆ ਗਿਆ ਹੈ ਜਿਹੜੀ ਨਿਰੋਲ ਸੱਚ ਦੀ ਵਿਆਖਿਆ ਕਰਦੀ ਤੇ ਸੱਚ ਨਾਲ ਜੋੜਦੀ ਹੈ।

ਆਮ ਤੌਰ ਤੇ ਆਨ ਧਾਰਮਕ ਗ੍ਰੰਥਾਂ ਵਿਚ ਸਾਖੀਆਂ, ਕਹਾਣੀਆਂ ਉਪਦੇਸ਼ਾਂ ਜਾਂ ਨਸੀਹਤਾਂ ਹੀ ਪੜ੍ਹਨ ਲਈ ਮਿਲਦੀਆਂ ਹਨ। ਫਿਰ ਲਿਖਣ ਵਾਲਾ ਵਾਸਤਵ ਵਿਚ ਧਾਰਮਕ ਰਹਿਬਰ ਆਪ ਨਹੀਂ, ਕੋਈ ਹੋਰ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸਦਾਚਾਰਕ ਉਪਦੇਸ਼ ਭੀ ਹਨ, ਗਿਆਨ ਦੀ ਰਮਜ਼ਾਂ ਭੀ ਹਨ, ਬਿਰਹਾ ਦੀ ਪੀੜਾ ਤੇ ਪ੍ਰੇਮ ਤਰੰਗਾਂ ਭੀ ਹਨ ਪਰ ਇਹ ਸਾਰੇ ਕੇਵਲ ਇੱਕ ਕੇਂਦਰਿਤ ਵਸਤੂ ਗੁਰਮਤਿ ਨਾਮ ਨਾਲ ਜੁੜੇ ਹੋਏ ਤੇ ਤਾਣੇ ਪੇਟੇ ਵਾਂਗਰ ਸਮਾਏ ਹੋਏ ਹਨ। ਇਸ ਵਿੱਚ ਗੁਰੂ ਸਾਹਿਬਾਨ ਦੀ ਬਾਣੀ ਦੇ ਇਲਾਵਾ ਭਗਤਾਂ, ਸੰਤਾਂ ਤੇ ਪੀਰਾਂ ਦੇ ਬਚਨਾਂ ਨੂੰ ਆਦਰ ਸਹਿਤ ਸਥਾਨ ਦਿੱਤਾ ਗਿਆ ਹੈ, ਜਿਨ੍ਹਾਂ ਦਾ ਸੰਬੰਧ ਹਿੰਦੂ, ਮੁਸਲਮਾਨਾਂ, ਉਚ ਜਾਤੀ ਤੇ ਨੀਚ ਜਾਤੀ ਨਾਲ ਹੈ।

ਪਹਿਲੇ ਚਾਰ ਗੁਰੂ ਸਾਹਿਬਾਨ ਜੀ ਦੇ ਜੀਵਨ ਜਾਂ ਬਾਣੀ ਤੋਂ ਕੋਈ ਐਸਾ ਸੰਕੇਤ ਨਹੀਂ ਮਿਲਦਾ ਕਿ ਕਿਸੇ ਗੁਰਸਿੱਖ ਜਾਂ ਸੇਵਕ ਨੇ ਉਨ੍ਹਾਂ ਦੀ ਉਸਤਤਿ ਕੀਤੀ ਹੋਵੇ ਤੇ ਉਹ ਲਿਖਤ ਗੁਰੂ ਸਾਹਿਬਾਨ ਕੋਲ ਹੋਵੇ। ਐਸਾ ਕੇਵਲ ਪੰਚਮ ਪਾਤਸ਼ਾਹ ਜੀ ਦੇ ਸਮੇਂ ਹੀ ਹੋਇਆ, ਉਹ ਵੀ ਸੱਤਾ, ਬਲਵੰਡ ਤੇ ਭੱਟਾਂ ਦੀ ਲੇਖਣੀ ਦੁਆਰਾ ਜਿਨ੍ਹਾਂ ਦਾ ਵਰਗ ਬਾਕੀ ਭਗਤਾਂ ਤੋਂ ਨਿਵੇਕਲਾ ਸੀ। ਭੱਟਾਂ ਆਦਿਕ ਨੇ ਮੁੱਖ ਤੌਰ ਤੇ ਗੁਰੂ ਨਾਨਕ ਜੀ ਨੂੰ ਅਕਾਲ ਪੁਰਖ ਦਾ ਰੂਪ ਸਮਝ ਕੇ ਉਸਤਤਿ ਕੀਤੀ ਤੇ ਭਗਤ ਜਿਹੜੇ ਕਿ ਪ੍ਰਭੂ ਦੇ ਉਪਾਸ਼ਕ ਸਨ, ਕਿਸੇ ਵਿਅਕਤੀ ਦੇ ਗੁਣ ਗਾਉਣ ਦੇ ਅਸਮਰਥ ਸਨ। ਪਰ ਦੋਨਾਂ ਵਰਗਾਂ ਦੀ ਭਗਤੀ ਭਾਵਨਾ ਵਿਚ ਅੰਤਰ ਨਾਮ ਮਾਤਰ ਹੀ ਸੀ ਕਿਉਂਕਿ ਦੋਨਾਂ ਨੇ ਅਕਾਲ ਪੁਰਖ ਦੇ ਗੁਣ ਗਾਏ, ਇੱਕ ਨੇ ਸਰਗੁਨ ਸਰੂਪ ਦੇ ਦੂਜੇ ਨੇ ਨਿਰਗੁਨ ਸਰੂਪ ਦੇ। ਇਸ ਰਚਨਾਂ ਵਿਚ ਕੇਵਲ ਭੱਟਾਂ ਦੇ ਸਤਿਕਾਰ ਤੇ ਸ਼ਰਧਾ ਭਰਪੂਰ ਬਚਨਾਂ ਨਾਲ ਸਾਂਝ ਪਾਉਣ ਦਾ ਜਤਨ ਕੀਤਾ ਗਿਆ ਹੈ।

ਭੱਟ ਵਿਦੱਵਾਨ, ਖੋਜੀ ਤੇ ਰੂਹਾਨੀਅਤ ਦੇ ਜ਼ਗਿਆਸੂ ਸਨ। ਉਨ੍ਹਾਂ ਦੀ ਦੈਵੀ ਗਿਆਨ ਪ੍ਰਾਪਤ ਕਰਨ ਦੀ ਇੱਛਾ ਪ੍ਰਬਲ ਤੇ ਤੀਬਰ ਸੀ। ਕੁਛ ਪ੍ਰਾਪਤ ਕਰਨ ਲਈ ਉਨ੍ਹਾ ਨੇ ਕਈ ਮਹਾਪੁਰਸ਼ਾਂ, ਸਾਧੂਆਂ, ਸੰਤਾਂ ਤੇ ਰਿਸ਼ੀਆਂ ਮੁਨੀਆਂ ਦੇ ਦੁਆਰੇ ਤੱਕੇ, ਉਨ੍ਹਾਂ ਦਾ ਅਮਲੀ ਜੀਵਨ ਘੋਖਿਆ, ਪਰ ਕਿਸੇ ਵੀ ਦਰ ਤੋਂ ਸੱਚੇ ਸੁੱਚੇ ਨਾਮ ਪਦਾਰਥ ਦਾ ਖੈਰ ਨਹੀਂ ਪਿਆ। ਉਨ੍ਹਾਂ ਦੀ ਆਤਮਕ ਭੁੱਖ ਪੂਰੀ ਨਹੀਂ ਹੋਈ, ਮਨ ਨੂੰ ਤਸੱਲੀ ਨਸੀਬ ਨਹੀਂ ਹੋਈ। ਸੁੱਤੇ ਭਾਗ ਜਾਗ ਪਏ ਜਦ ਉਹਨਾਂ ਨੇ ਸ੍ਰੀ ਗੁਰੂ ਅਰਜਨ ਦੇਵ ਦਾ ਦੀਦਾਰ ਕੀਤਾ, ਰੱਬੀ ਬਾਣੀ ਦਾ ਕੀਰਤਨ ਸੁਣਿਆ ਤੇ ਸੰਗਤ ਵਿਚ ਨਾਮ ਦਾ ਨਿਵਾਸ ਅਨੁਭਵ ਕੀਤਾ। ਪ੍ਰੇਮ, ਸਤਿਕਾਰ ਤੇ ਸ਼ਰਧਾ ਦੇ ਵੇਗ ਵਿਚ ਆਕੇ ਉਨ੍ਹਾਂ ਨੇ ਗੁਰੂ ਸਾਹਿਬਾਨ ਦੀ ਐਸੀ ਵਡਿਆਈ ਕੀਤੀ ਜਿਹੜੀ ਸਦਾ ਲਈ ਅਮਰ ਹੋ ਗਈ। ਉਨ੍ਹਾਂ ਨੇ ਆਪਣੀ ਰਚਨਾ ਦੁਆਰਾ ਗੁਰੂ ਘਰ ਦੀ ਵਡਿਆਈ ਕਿਸੇ ਦੇ ਪ੍ਰਭਾਵ ਅਧੀਨ, ਲੋਭ ਕਰ ਕੇ, ਮਜਬੂਰੀ ਦੀ ਦਸ਼ਾ ਵਿਚ ਜਾਂ ਜਜ਼ਬਾਤੀ ਹੋਕੇ ਨਹੀਂ ਕੀਤੀ ਬਲਕਿ ਆਤਮਕ ਅਡੋਲਤਾ, ਸੱਚੀ ਸ਼ਰਧਾ ਤੇ ਸਹਜ ਅਵਸਥਾ ਵਿੱਚੋਂ ਆ ਕੇ ਕੀਤੀ। ਸ਼੍ਰੋਮਣੀ ਭੱਟ ਕੱਲਸਹਾਰ ਨੇ ਆਖਿਆ।

ਸਤਿਗੁਰ ਚਰਣ ਕਵਲ ਰਿਦਿ ਧਾਰੰ॥ ਗੁਰ ਅਰਜੁਨ ਗੁਣ ਸਹਜਿ ਬਿਚਾਰੰ॥ (੧੪੦੬)



www.AKJ.Org

ਗੁਰੂ ਅਰਜਨ ਦੇਵ ਜੀ ਦੀ ਪਾਵਨ ਛੁਹ ਨੇ ਉਸ ਦੇ ਨੇਤਰਾਂ ਵਿੱਚ ਐਸੀ ਦਿਵਯ-ਮਈ ਦ੍ਰਿਸ਼ਟੀ ਉਤਪੰਨ ਕੀਤੀ ਕਿ ਉਸ ਨੂੰ ਗੁਰੂ ਨਾਨਕ ਦੇਵ ਜੀ ਦੀ ਜੋਤਿ ਪ੍ਰਤੱਖ ਰੂਪ ਵਿਚ ਬਾਕੀ ਗੁਰੂ ਸਾਹਿਬਾਨ ਦੇ ਰਿਦੇ ਵਿਚ ਰਮੀ ਹੋਈ ਭਾਸਣ ਲੱਗੀ। ਪੰਚਮ ਪਾਤਸ਼ਾਹ ਦੀ ਅਜ਼ਮਤ ਬਾਰੇ ਦੋਨੋ ਹੱਥ ਜੋੜ ਕੇ ਭੱਟ ਕਹਿੰਦਾ ਹੈ "ਤੈਨੂੰ ਜਨਮ ਤੋਂ ਹੀ ਬ੍ਰਹਮ ਦੀ ਪਛਾਣ ਹੋ ਗਈ ਸੀ ਤੇ ਅਕਾਲ ਪੁਰਖ ਨੇ ਤੈਨੂੰ ਭਗਤੀ ਦੇ ਜੋਗ ਨੂੰ ਜਿੱਤਣ ਵਾਲਾ ਜਨਕ ਪੈਦਾ ਕੀਤਾ ਸੀ, ਸਬਦ ਨੂੰ ਗੁਰੂ ਦੇ ਰੂਪ ਵਿਚ ਉਜਾਗਰ ਕਰਨ ਦਾ ਅਧਿਕਾਰ ਭੀ ਤੁਹਾਨੂੰ ਦਿੱਤਾ ਸੀ।

ਤੈ ਜਨਮਤ ਗੁਰਮਤਿ ਬ੍ਰਹਮੁ ਪਛਾਣਿਓ॥ ਕਲੵ ਜੋੜਿ ਕਰ ਸੁਜਸ ਵਖਾਣਿਓ॥
ਭਗਤਿ ਜੋਗ ਕੌ ਜੈਤਵਾਰੁ ਹਰਿ ਜਨਕੁ ਉਪਾਯਉ॥
ਸਬਦੁ ਗੁਰੂ ਪਰਕਾਸਿਓ ਹਰਿ ਰਸਨ ਬਸਾਯਉ॥
ਗੁਰ ਨਾਨਕ ਅੰਗਦ ਅਮਰ ਲਾਗਿ ਉਤਮ ਪਦੁ ਪਾਯਉ॥
ਗੁਰੁ ਅਰਜਨੁ ਘਰਿ ਗੁਰ ਰਾਮਦਾਸ ਭਗਤ ਉਤਰਿ ਆਯਉ॥ (੧੪੦੭)

ਉਸ ਅੰਧਕਾਰ ਭਰੇ ਕਾਲ ਵਿੱਚ ਧਰਮ ਦੇ ਆਗੂਆਂ ਦੁਆਰਾ ਆਮ ਲੋਕਾਂ ਵਿਚ ਇਕ ਵੱਡਾ ਭੁਲੇਖਾ ਪਿਆ ਹੋਇਆ ਸੀ ਕਿ ਰਿੱਧੀ ਸਿੱਧੀ ਹੀ ਮੰਜ਼ਲ ਦੀ ਨਿਸ਼ਾਨੀ ਹੈ, ਮੰਜ਼ਲ ਦੀ ਪ੍ਰਾਪਤੀ ਹੈ। ਇਸ ਕਾਰਨ ਦੁਨਿਆਵੀ ਪਦਾਰਥਾਂ ਦੀ ਭੁੱਖੀ ਲੁਕਾਈ ਕਰਾਮਾਤੀ ਸਾਧੂਆ ਨੂੰ ਰੱਬ ਦਾ ਰੂਪ ਸਮਝ ਕੇ ਅੰਧ ਵਿਸ਼ਵਾਸ਼ ਵਿੱਚ ਜਕੜੀ ਪਈ ਸੀ। ਇਸ ਦੇ ਵਿਪਰੀਤ ਗੁਰਬਾਣੀ ਵਿਚ ਰਿਧਿ ਸਿਧਿ ਨੂੰ ਮੋਹ (attachment) ਕਹਿ ਕੇ ਪੁਕਾਰਿਆ ਹੈ, ਜਿਸ ਦੀ ਗ੍ਰਿਫਤ ਵਿੱਚ ਫਸੇ ਬੰਦੇ ਦੇ ਹਿਰਦੇ ਵਿਚ ਨਾਮ ਦਾ ਪ੍ਰਕਾਸ਼ ਨਹੀਂ ਹੁੰਦਾ। ਭੱਟ ਇਸ ਤੱਤ ਨੂੰ ਭਲੀ ਭਾਂਤ ਸਮਝਦੇ ਸਨ ਕਿ ਜਿਸ ਜੀਵ ਦੇ ਪਾਵਨ ਹਿਰਦੇ ਵਿੱਚ ਨਵਨਿਧਿ ਨਾਮ ਨਿਧਾਨ ਦਾ ਨਿਵਾਸ ਹੈ, ਰਿੱਧੀਆ ਸਿੱਧੀਆ ਉਸ ਦੇ ਚਰਨੀ ਲੱਗ ਕੇ ਸੇਵਾ ਕਰਨ ਨੂੰ ਤਰਸਦੀਆਂ ਹਨ। ਗੁਰੂ ਘਰ ਵਿੱਚ ਨਾਮ ਭੀ ਹੈ ਸ਼ਕਤੀਆਂ ਭੀ ਹਨ, ਪਰ ਸ਼ਕਤੀਆਂ ਨਾਮ ਦੇ ਅਧੀਨ ਹਨ, ਨਾਮ ਤੋਂ ਆਕੀ ਨਹੀਂ ਹਨ, ਤੇ ਨਾਮ ਤੇ ਹਾਵੀ ਨਹੀਂ ਹਨ। ਐਸੇ ਅਮੁੱਲ ਖਜ਼ਾਨੇ ਦੇ ਮਾਲਕ ਸ੍ਰੀ ਗੁਰੂ ਅਮਰਦਾਸ ਜੀ ਹਨ ਜਿਨ੍ਹਾਂ ਦੀ ਅਥਾਹ ਸ਼ਕਤੀ ਬਾਰੇ ਭੱਟ ਕਹਿੰਦੇ ਹਨ।

ਨਵਨਿਧਿ ਨਾਮੁ ਨਿਧਾਨ ਰਿਧਿ ਸਿਧਿ ਤਾ ਕੀ ਦਾਸੀ॥
ਸਹਜ ਸਰੋਵਰੁ ਮਿਲਿਓ ਪੁਰਖੁ ਭੇਟਿਓ ਅਬਿਨਾਸੀ॥ (੧੩੯੭)

ਆਪ ਸਰਬ ਸੁਖ ਨਿਧਾਨ, ਵਾਹਿਗੁਰੂ ਦੇ ਅਟੁੱਟ ਭੰਡਾਰ ਦੇ ਖਜ਼ਾਨਚੀ, ਬਚਨ ਦੇ ਬਲੀ, ਕਲਪ ਬ੍ਰਿਛ, ਕਾਮਧੇਨ ਤੇ ਉਦਾਰ ਚਿਤ ਵਾਲੇ ਸ਼ਾਹਿਨਸ਼ਾਹ ਹਨ। ਆਪ ਜੀ ਦੇ ਸੱਜੇ ਹੱਥ ਵਿਚ ਪਦਮ ਹੈ, ਸਿਧੀ ਸਨਮੁਖ ਹੋਇ ਕੈ ਨੂਰਾਨੀ ਮੁਖੜੇ ਨੂੰ ਤੱਕ ਰਹੀ ਹੈ। ਰਿਧੀ ਖੱਬੇ ਅੰਗ ਵਿਚ ਹੈ ਜੋ ਤਿੰਨ੍ਹਾਂ ਹੀ ਲੋਕਾਂ ਨੂੰ ਆਕਰਖਤ ਕਰ ਰਹੀ ਹੈ। ਫੁਰਮਾਨ ਹੈ :-

ਬਾਰਿਜੁ ਕਰਿ ਦਾਹਿਣੈ; ਸਿਧਿ ਸਨਮੁਖ ਮੁਖ ਜੋਵੈ॥
ਰਿਧਿ ਬਸੈ ਬਾਂਵਾਂਗ ਜੁ ਤੀਨਿ ਲੋਕਾਤਰ ਮੋਹੈ॥ (੧੩੯੭)

ਭੱਟਾਂ ਅਨੁਸਾਰ ਸਤਿਗੁਰ ਦਾ ਸਿਮਰਨ ਬਿਜਲੀ ਦੀ ਤਾਰ ਵਾਂਗ ਬਲਬ ਨੂੰ ਨਿਰੰਕਾਰ ਦੀ ਅਮਰ ਜੋਤਿ ਨਾਲ ਜੋੜ ਦਿੰਦਾ ਹੈ, ਜਿਸ ਕਰਕੇ ਬਖਸ਼ਸ਼ ਦੁਆਰਾ ਨਉਨਿਧਿ ਨਾਮ ਤੇ ਸੰਸਾਰਕ ਪਦਾਰਥ ਦੋਨੋ ਹੀ ਸੁਤੇ ਸਿਧ ਪ੍ਰਾਪਤ ਹੋ ਜਾਂਦੇ ਹਨ। ਤਕੜੇ ਬਾਹੂ ਬਲ ਜੋਧੇ ਸਤਿਗੁਰ ਦੀ ਅਕਾਲ ਪੁਰਖ ਤਕ ਰਸਾਈ, ਸੁਣਾਈ ਤੇ ਅਗਵਾਈ ਤੱਕ ਕੇ ਭੱਟ ਇਥੋਂ ਤਕ ਕਹਿ ਦਿੰਦੇ ਹਨ :-

ਗੁਰਿ ਅਮਰਦਾਸਿ ਕਰਤਾਰੁ ਕੀਅਉ ਵਸਿ ਵਾਹੁ ਵਾਹੁ ਕਰਿ ਧਾਇਯਉ॥ (੧੪੦੫)

ਅਨਾਥਾਂ ਦੇ ਨਾਥ ਸ੍ਰੀ ਗੁਰੂ ਰਾਮਦਾਸ ਜੀ ਪ੍ਰਤੀ ਜਿਸ ਪਿਆਰ ਸਤਿਕਾਰ ਦਾ ਪ੍ਰਗਟਾਵਾ ਕੀਤਾ ਹੈ ਉਸ ਬਾਰੇ ਕਥਨ ਕਰਨਾ ਸੁਲਤਾਨ ਨੂੰ ਮੀਆਂ ਆਖਣ ਦੇ ਤੁੱਲ ਹੈ। ਇਥੇ ਏਨਾ ਹੀ ਕਹਿਣਾ ਉਚਿਤ ਹੈ



www.AKJ.Org

ਕਿ ਆਪ "ਪਰਤਖਿ ਦੇਹ ਪਾਰਬ੍ਰਹਮ ਸੁਆਮੀ" ਹਨ, ਜਿਨਾਂ ਦੀ ਯਾਦ ਸੱਚ ਦੇ ਪਾਂਧੀ ਦੇ ਹਿਰਦੇ ਵਿਚ ਵਸੇ ਅਵਗੁਣ ਮਿਟਾ ਕੇ ਦੈਵੀ ਗੁਣਾ ਦਾ ਨਿਵਾਸ ਬਖਸ਼ਦੀ ਹੈ ਤੇ ਅੰਮ੍ਰਿਤ ਨਾਮ ਨਾਲ ਪ੍ਰਫੁਲਤ ਕਰਦੀ ਹੈ। ਭੱਟਾਂ ਨੇ ਹਜ਼ੂਰ ਨੂੰ ਸੁਖ ਸਾਗਰ, ਸਰਬ ਕਲਾ ਸਮੱਰਥ, ਅਛਲ ਛਲਾ, ਧਰਮ ਧੁਜਾ, ਦਾ ਰਿਦਰ ਹਰਨ, ਦੁੱਖ ਨਿਵਾਰਣ, ਨਾਮ ਨਿਧਾਨ, ਅੰਮ੍ਰਿਤ ਦੇ ਪਰਵਾਹ ਅਤੁੱਟ ਭੰਡਾਰ, ਗੁਣਾਂ ਦਾ ਸਮੂਹ ਆਦਿ ਵਖਾਣ ਕੇ ਵਾਹਿਗੁਰੂ ਨਾਲ ਅਭੇਦ ਮਿਲਾਪ ਦਾ ਮੁਜੱਸਮਾ ਦੱਸਿਆ ਹੈ।

ਭੱਟਾਂ ਦੁਆਰਾ ਗੁਰੂ ਸਾਹਿਬਾਨ ਦੀ ਮਹਿਮਾਂ ਉਚਾਰਨ ਦੀ ਵਿਧੀ ਵੀ ਆਪਣੇ ਆਪ ਵਿੱਚ ਨਿਰਾਲੀ ਸੀ। ਨਮੂਨੇ ਵਜੋਂ ਸਵਈਏ ਮਹਲੇ ਪੰਜਵੇ ਕੇ ਦੀ ਅਰੰਭਤਾ ਵਿੱਚ ਅਚਲ ਅਬਿਨਾਸੀ ਅਕਾਲ ਪੁਰਖ ਨੂੰ ਸਿਮਰਿਆ ਹੈ ਜਿਨ੍ਹਾਂ ਨੇ ਆਪਣੀ ਕਲਾ ਧਾਰ ਕੇ ਜੱਗ ਵਿੱਚ ਗੁਰੂ ਨਾਨਕ ਦੇਵ ਜੀ ਦੇ ਰੂਪ ਵਿਚ ਪ੍ਰਵੇਸ਼ ਕੀਤਾ।

ਸਿਮਰੰ ਸੋਈ ਪੁਰਖੁ ਅਚਲੁ ਅਬਿਨਾਸੀ॥ ਜਿਸ ਸਿਮਰਤ ਦੁਰਮਤਿ ਮਲੁ ਨਾਸੀ॥(੧੪੦੬)

ਪਰ ਉਨ੍ਹਾਂ ਨੇ ਪੰਚਮ ਪਾਤਸ਼ਾਹ ਦੀ ਦੈਵੀ ਸ਼ਖਸੀਅਤ ਨੂੰ ਇੱਕ ਵੱਖਰੀ ਹਸਤੀ ਦੇ ਰੂਪ ਵਿਚ ਨਹੀਂ ਬਖਾਣਿਆ ਬਲਕਿ ਸ੍ਰੀ ਗੁਰੂ ਨਾਨਕ ਦੇਵ ਜੀ ਤੇ ਉਨ੍ਹਾ ਦੁਆਰਾ ਥਾਪੇ ਗਏ ਬਾਕੀ ਗੁਰੂ ਸਾਹਿਬਾਨ ਦਾ ਵੀ ਜ਼ਿਕਰ ਕੀਤਾ, ਜਿਵੇਂ ਕਿ –

ਗੁਰ ਨਾਨਕ ਅੰਗਦ ਅਮਰ ਲਾਗਿ ਉਤਮ ਪਦੁ ਪਾਯਉ॥
ਗੁਰੁ ਅਰਜੁਨੁ ਘਰਿ ਗੁਰ ਰਾਮਦਾਸ ਭਗਤ ਉਤਰਿ ਆਯਉ॥ (੧੪੦੭)

ਇਹ ਉਸਤਤਿ ਵਿਧੀ ਬਾਕੀ ਸਵਈਆਂ ਵਿਚ ਵੀ ਵਰਤੀ ਗਈ ਹੈ। ਇਸ ਭਾਵਨਾ ਤੋਂ ਪ੍ਰਤੱਖ ਹੈ ਕਿ ਸਾਰੇ ਭੱਟਾਂ ਦੇ ਹਿਰਦੇ ਵਿੱਚ ਇਹ ਦ੍ਰਿੜ ਹੋ ਚੁਕਿਆ ਸੀ ਕਿ ਸਾਰੇ ਗੁਰੂ ਵਿਅਕਤੀ ਸ੍ਰੀ ਗੁਰੂ ਨਾਨਕ ਜੀ ਦਾ ਰੂਪ ਹਨ ਤੇ ਗੁਰੂ ਨਾਨਕ, ਅਕਾਲ ਪੁਰਖ ਦਾ ਰੂਪ ਹਨ। ਕੀਰਤ ਭੱਟ ਨੇ "ਸਵਈਏ ਮਹਲੇ ਤੀਜੇ ਕੇ" ਸਿਰ ਲੇਖ ਹੇਠਾਂ ਨਿਰੰਕਾਰ ਤੋਂ ਲੈ ਕੇ ਸ੍ਰੀ ਗੁਰੂ ਅਮਰਦਾਸ ਜੀ ਤੱਕ, ਸਾਰੇ ਗੁਰ ਵਿਅਕਤੀਆਂ ਦੀ ਸਿਫਤਿ ਸਲਾਹ ਕੀਤੀ ਹੈ।

ਆਪਿ ਨਰਾਇਣੁ ਕਲਾ ਧਾਰਿ ਜਗ ਮਹਿ ਪਰਵਰਿਯਉ॥
ਨਿਰੰਕਾਰ ਆਕਾਰੁ ਜੋਤਿ ਜਗ ਮੰਡਲਿ ਕਰਿਯਉ॥
ਜਹ ਕਹ ਤਹ ਭਰਪੂਰੁ ਸਬਦੁ, ਦੀਪਕਿ ਦੀਪਾਯਉ॥
ਜਿਹ ਸਿਖਹ ਸੰਗ੍ਰਹਿਓ ਤਤੁ ਹਰਿ ਚਰਣ ਮਿਲਾਯਉ॥
ਨਾਨਕ ਕੁਲਿ ਨਿੰਮਲੁ ਅਵਤਰਿਉ ਅੰਗਦ ਲਹਣੇ ਸੰਗਿ ਹੁਅ ॥
ਗੁਰ ਅਮਰਦਾਸ ਤਾਰਣ ਤਰਣ ਜਨਮ ਜਨਮ ਪਾ ਸਰਣਿ ਤੁਅ ॥ ੨॥੧੬ (੧੩੯੫)

ਨਿਰਸੰਦੇਹ ਭੱਟਾਂ ਦੀ ਦ੍ਰਿਸਟੀ ਅਨੁਸਾਰ ਅਕਾਲ ਪੁਰਖ ਆਪਣਾ ਰੂਪ ਵਟਾ ਕੇ ਸਤਿਗੁਰੂ ਨਾਨਕ ਦੇਵ ਜੀ ਦੇ ਰੂਪ ਵਿਚ ਕਲਿ ਤਾਰਣ ਆਏ ਸਨ। ਉਨਾਂ ਨੇ ਨਿਰਗੁਨ ਸਰਗੁਨ ਦਾ ਸਮ ਸਰੂਪ ਅਥਾਹ ਸ਼ਰਧਾ ਤੇ ਵਿਵੇਕ ਦੁਆਰਾ ਸਾਰੇ ਸੰਸਾਰ ਵਿਚ ਉਜਾਗਰ ਕੀਤਾ। ਸਤਿਗੁਰੂ ਨਾਨਕ ਦੇਵ ਜੀ ਨੂੰ ਉਨਾਂ ਨੇ ਪਰਮ ਗੁਰੂ ਆਖਿਆ, ਤੇ ਹਜ਼ੂਰ ਦੀ ਪਾਵਨ ਵਡਿਆਈ ਕਰਨ ਤੋਂ ਪਹਿਲਾਂ ਸੰਤਾਂ ਦੇ ਆਸਰੇ, ਬਸਸ਼ਿੰਦ ਪਿਤਾ, ਅਕਾਲ ਪੁਰਖ ਦੇ ਚਰਨ ਕਮਲਾਂ ਨੂੰ ਹਿਰਦੇ ਵਿਚ ਵਸਾਇਆ।

ਇਕ ਮਨਿ ਪੁਰਖੁ ਧਿਆਇ ਬਰਦਾਤਾ॥ ਸੰਤ ਸਹਾਰ ਸਦਾ ਬਿਖਿਆਤਾ॥
ਤਾਸੁ ਚਰਨ ਲੇ ਰਿਦੈ ਬਸਾਵਉ॥ ਤਉ ਪਰਮ ਗੁਰੂ ਨਾਨਕ ਗੁਨ ਗਾਵਉ॥ (੧੩੮੯)

ਭੱਟਾਂ ਦੀ ਅਵਸਥਾ ਵਿਚ ਪ੍ਰੇਮ ਦਾ ਐਸਾ ਰੰਗ ਚੜ੍ਹਿਆ ਕਿ ਕੁਦਰਤਿ ਦਾ ਜਰ੍ਹਾ ਜਰ੍ਹਾ ਗੁਰੂ ਨਾਨਕ ਦੇਵ ਜੀ ਦਾ ਗੁਣ ਗਾਉਂਦਾ ਪ੍ਰਤੀਤ ਹੋਇਆ। ਸਾਰੀ ਕਾਇਨਾਤ ਦੀਆਂ ਜ਼ਬਾਨਾਂ ਵਿਚੋ ਇਕੋ ਪਰਮ ਗੁਰੂ ਦੇ ਨਾਮ ਦਾ ਅਲਾਪ ਸੁਣਾਈ ਦਿੰਦਾ ਸੀ। ਵਰਤਮਾਨ ਵਿੱਚ ਤਾਂ ਹਜ਼ੂਰ ਦੀ ਸਰੀਰਕ ਹੋਂਦ ਜ਼ਾਹਰਾ ਜ਼ਹੂਰ ਪ੍ਰਤੱਖ ਰੂਪ ਵਿੱਚ ਸੀ, ਭੂਤ ਕਾਲ ਵਿੱਚ ਵੀ ਆਪ ਦਾ ਨਾਮ ਭਗਤਾ ਦੀ ਰਸਨਾ ਉਤੇ ਸੀ। ਭੱਟਾਂ ਨੇ

(ਬਾਕੀ ਪੰਨਾ ੨੦ ਤੇ)



www.AKJ.Org

# ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚੋਂ ਲਿਆ ਗਿਆ ਪਹਿਲਾ ਹੁਕਮਨਾਮਾ

ਗੁਰੂ ਅਰਜਨ ਦੇਵ ਜੀ ਨੇ ਸਿਖ ਕੌਮ ਨੂੰ ਸੰਗਠਤ ਕਰਨ ਵਿਚ ਬਹਤੁ ਉਦਮ ਕੀਤੇ। ਅੰਮ੍ਰਿਤ ਸਰੋਵਰ (ਅੰਮ੍ਰਿਤਸਰ) ਵਿਚ ਹਰੀ ਮੰਦਰ ਉਸਰਵਾਇਆ ਜਿਸ ਦੇ ਚਾਰ ਦਰਵਾਜ਼ੇ ਰਖ ਕੇ ਇਸ ਨੂੰ ਸਭ ਧਰਮਾਂ ਦਾ ਸਾਂਝਾ ਤੀਰਥ ਬਣਾ ਦਿਤਾ। ਇਸ ਦੀ ਨੀਂਹ ਇਕ ਮੁਸਲਮਾਨ ਸੂਫੀ ਦਰਵੇਸ਼ ਮੀਆਂ ਮੀਰ ਜੀ ਪਾਸੋਂ ਰਖਵਾ ਕੇ ਉਸ ਸਮੇਂ ਕਟੜਪੁਣੇ ਵਿਚ ਜਲ ਰਹੀ ਲੋਕਾਈ ਨੂੰ ਉਦਾਰਚਿਤਤਾ ਤੇ ਫਰਾਖਦਿਲੀ ਦਾ ਸਬਦ ਪੜ੍ਹਾਇਆ। ਗੁਰੂ ਗ੍ਰੰਥ ਸਾਹਿਬ ਵਿਚ ਹਰ ਮਜ਼ਹਬ, ਕੌਮ ਤੇ ਇਲਾਕੇ ਦੇ ਮਹਾਂਪੁਰਸ਼ਾਂ ਦੀ ਬਾਣੀ ਇਕਠੀ ਕਰਨ ਉਪਰੰਤ ਉਸ ਦੀ ਸੰਪਾਦਨਾ ਕਰ ਕੇ "ਆਦਿ ਗ੍ਰੰਥ" ਦੀ ਸਿਰਜਨਾ ਕੀਤੀ। "ਪੋਥੀ ਪਰੇਮਸ਼ਰ ਕਾ ਥਾਨ" ਨਾਮੀ ਇਹ ਪਵਿਤਰ ਆਦਿ ਗ੍ਰੰਥ 15 ਅਗਸਤ 1604 ਨੂੰ ਸੰਪੂਰਨ ਹੋਇਆ। ਭਾਈ ਬੰਨੋ ਜੀ ਨੇ ਲਾਹੌਰ ਜਾ ਕੇ ਇਸ ਦੀ ਜਿਲਦ ਬੰਦੀ ਕਰਵਾਈ ਅਤੇ ਇਕ ਸ਼ਾਨਦਾਰ ਨਗਰ ਕੀਰਤਨ ਦੀ ਸ਼ਕਲ ਵਿਚ ਇਹ ਆਦਿ ਗ੍ਰੰਥ ਸਾਹਿਬ ਰਾਮਸਰ ਤੋਂ ਹਰੀਮੰਦਰ ਸਾਹਿਬ ਵਿਚ ਪਰਵੇਸ਼ ਹੋਏ ਅਤੇ 30 ਅਗਸਤ 1604 ਈ: ਨੂੰ ਇਸ ਅਲਾਹੀ ਗ੍ਰੰਥ ਦਾ ਪਹਿਲੀ ਵਾਰ ਦਰਬਾਰ ਸਾਹਿਬ ਅੰਮ੍ਰਿਤਸਰ ਵਿਖੇ ਪਰਕਾਸ਼ ਹੋਇਆ। ਭਾਈ ਬੁਢਾ ਜੀ ਨੇ ਪਹਿਲਾ ਹੁਕਮਨਾਮਾ ਲਿਆ। ਉਸ ਸਮੇਂ ਜੋ ਫਰਮਾਨ ਨਿਕਲਿਆ ਉਹ ਇਸ ਪਰਕਾਰ ਹੈ :–

ਸੂਹੀ ਮਹਲਾ ੫

ਸੰਤਾ ਕੇ ਕਾਰਜਿ ਆਪਿ ਖਲੋਇਆ ਹਰਿ ਕੰਮੁ ਕਰਾਵਣਿ ਆਇਆ ਰਾਮ
ਧਰਤ ਸੁਹਾਵੀ ਤਾਲੁ ਸੁਹਾਵਾ ਵਿਚਿ ਅੰਮ੍ਰਿਤ ਜਲੁ ਛਾਇਆ ਰਾਮ
ਅੰਮ੍ਰਿਤ ਜਲੁ ਛਾਇਆ ਪੂਰਨ ਸਾਜੁ ਕਰਾਇਆ ਸਗਲ ਮਨੋਰਥ ਪੂਰੇ
ਜੈ ਜੈ ਕਾਰੁ ਭਇਆ ਜਗ ਅੰਤਰਿ ਲਾਥੇ ਸਗਲ ਵਿਸੂਰੇ
ਪੂਰਨ ਪੁਰਖ ਅਚੁਤ ਅਬਿਨਾਸੀ ਜਸ ਵੇਦ ਪੁਰਾਣੀ ਗਾਇਆ
ਅਪਨਾ ਬਿਰਦੁ ਰਖਿਆ ਪਰਮੇਸਰਿ ਨਾਨਕ ਨਾਮੁ ਧਿਆਇਆ॥ (ਪੰਨਾ ੭੮੩)

ਆਦਿ ਗ੍ਰੰਥ ਸਾਹਿਬ ਦੇ ਇਸ ਪਰਥਮ ਹੁਕਮਨਾਮੇ ਦਾ ਇਤਨਾ ਨੇੜੇ ਦਾ ਸੁਮੇਲ ਉਸ 'ਪਵਿਤਰ ਸਰੋਵਰ' ਹਰੀ ਮੰਦਰ' ਤੇ 'ਸੰਤਾ ਦੇ ਕਾਰਜ' ਨਾਲ ਦੇਖ ਕੇ ਸੰਗਤਾਂ ਵਿਸਮਾਦ ਵਿਚ ਆ ਗਈਆਂ ਤੇ ਸਭ ਨੇ ਇਵੇਂ ਮਹਿਸੂਸ ਕੀਤਾ ਕਿ ਸਭ ਕੁਝ ਵਾਹਿਗੁਰੂ ਆਪ ਹੀ ਕਰ ਕਰਵਾ ਰਹੇ ਹਨ। ਇਵੇਂ ਆਦਿ ਗ੍ਰੰਥ ਸਾਹਿਬ ਦੇ ਹਰੀ ਮੰਦਰ ਸਾਹਿਬ ਵਿਚ ਇਸ ਸਤਿਕਾਰੀ ਭਾਵਨਾ ਸਹਿਤ ਬਿਰਾਜਮਾਨ ਹੋ ਜਾਣ ਨਾਲ ਵਿਸ਼ਵ ਤੇ ਅਧਿਆਤਮਕ ਇਤਿਹਾਸ ਵਿਚ ਇਕ ਅਹਿਮ ਘਟਨਾ ਵਾਪਰੀ। ਹਰ ਰੋਜ਼ ਰਾਤ ਨੂੰ ਜਦ ਆਦਿ ਗ੍ਰੰਥ ਸਾਹਿਬ ਦਾ ਸੁਖਆਸਨ ਹੁੰਦਾ ਤਾਂ ਗੁਰੂ ਅਰਜਨ ਦੇਵ ਜੀ ਪਾਤਸ਼ਾਹ ਸੁਖ ਆਸਨ ਵਾਲੇ ਪਲੰਘ ਦੇ ਨਾਲ ਥਲੇ ਜ਼ਮੀਨ ਤੇ ਹੀ ਲੇਟ ਜਾਂਦੇ ਤੇ ਇਸ ਤਰ੍ਹਾਂ ਅਕਾਲ ਪੁਰਖ ਦੇ ਰੂਪ ਹੋਣ ਦੇ ਬਾਵਜੂਦ ਵੀ ਉਹ ਆਦਿ ਗ੍ਰੰਥ ਸਾਹਿਬ ਦਾ ਬੇਹਦ ਸਤਿਕਾਰ ਕਰਦੇ। ਉਹ ਜਾਣੀ ਜਾਣ ਸਨ ਤੇ ਜਾਣਦੇ ਸਨ ਕਿ ਕੁਝ ਸਮਾਂ ਪਾ ਕੇ ਇਹੀ 'ਪਰਮੇਸਰ ਰੂਪ ਪੋਥੀ' ਮਾਨਵਤਾ ਦੇ ਜੁਗੋ ਜੁਗ ਅਟੱਲ ਗੁਰੂ ਬਣ ਕੇ ਉਸ ਦਾ ਪਥ ਪਰਦਰਸ਼ਨ ਕਰਿਆ ਕਰਨਗੇ। ਇਸ ਲਈ ਉਨ੍ਹਾਂ ਨੇ ਆਪਣੇ ਹਿਰਦੇ ਦੀਆਂ ਡੂੰਘਾਈਆਂ ਤੋਂ ਇਸ ਹੋਣ ਵਾਲੇ ਸ਼ਬਦ ਗੁਰੂ ਦਾ ਅਦਬ ਸਤਿਕਾਰ ਆਪ ਕੀਤਾ ਤੇ ਸੰਗਤਾਂ ਤੋਂ ਕਰਵਾਇਆ। ਇਸ ਪਰਥਮ ਪਰਕਾਸ਼ ਦਿਵਸ ਨੂੰ ਸਿਖ ਜਗਤ ਵਿਚ "ਪਰਥਮ ਗਦੀ ਨਸ਼ੀਨੀ ਦਿਵਸ" ਵਜੋਂ ਬੜੇ ਚਾਵਾਂ ਤੇ ਮਲਹਾਰਾਂ ਨਾਲ ਮਨਾਇਆ ਜਾਂਦਾ ਹੈ।

ਸੂਰਾ ਪੱਤਰ ਤੇ ਹੋਰ ਗੁਰਮਤਿ ਸਾਹਿਤ ਰੱਦੀ ਵਿਚ ਨਾ ਵੇਚੋ ਜੀ ਸਗੋਂ ਹੋਰ ਸੰਗਤਾਂ ਨੂੰ ਪੜ੍ਹਨ ਲਈ ਦੇ ਕੇ ਗੁਰਮਤਿ ਪ੍ਰਚਾਰ ਵਿਚ ਹਿੱਸਾ ਪਾਓ ਜੀ।



www.AKJ.Org

# ਗੁਰੂ ਗ੍ਰੰਥ ਸਾਹਿਬ ਜੀ ਦੀ ਮਹੱਤਤਾ ਅਤੇ ਅੱਜ ਦਾ ਵਾਤਾਵਰਣ

(ਵਲੋਂ– ਭਾਈ ਮਨਮੋਹਣ ਸਿੰਘ ਜੀ 'ਬੱਲ')

ਸਚਖੰਡ ਪਿਆਨੇ ਤੋਂ ਤਿੰਨ ਦਿਨ ਪਹਿਲਾਂ ੫ ਅਕਤੂਬਰ ੧੭੦੮ ਈ: ਵਾਲੇ ਦਿਨ ਸਾਰੀ ਸਿੱਖ ਸੰਗਤ ਨੂੰ ਇਕੱਠਾ ਕਰ ਕੇ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਸਚਖੰਡ ਸ੍ਰੀ ਹਜ਼ੂਰ ਸਾਹਿਬ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਗੁਰਿਆਈ ਗੱਦੀ ਬਖਸ਼ ਕੇ ਪੂਰਨ ਗੁਰੂ ਦੀ ਪਦਵੀ ਦਿਤੀ, ਕਿਉਂਕਿ ਆਉਣ ਸਮੇਂ ਦਾ ਉਨ੍ਹਾਂ ਨੂੰ ਪਤਾ ਸੀ ਕਿ–

"ਘਰਿ ਘਰਿ ਹੋਇ ਬਹੈਂਗੇ ਰਾਮਾ॥ ਤਿਨ ਤੇ ਸਰੇ ਨਾ ਕੋਊ ਕਾਮਾ।"

ਆਪਣਾ ਸੀਸ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅੱਗੇ ਝੁਕਾਇਆ।

ਪੈਸੇ ਪਾਂਚ ਨਾਲੇਰ ਲੈ ਤਿਸ ਅਗਰ ਟਿਕਾਯੋ॥<br>
ਕਰ ਪ੍ਰਕਰਮਾ ਗੁਰੂ ਜੀ ਨਿਜ ਮਾਥ ਝੁਕਾਯੋ॥<br>
ਗੁਰੂ ਗ੍ਰੰਥ ਕੋ ਗੁਰੂ ਥਾਪਿਯੋ ਕੁਣਕਾ ਬਟਵਾਯੋ॥"

ਗੁਰੂ ਨਾਨਕ ਸਾਹਿਬ ਜੀ ਤੋਂ ਲੈ ਦਸਮ ਪਿਤਾ ਤੱਕ ਇਕੋ ਹੀ ਜੋਤਿ ਸੀ। ਉਹ ਜੋਤਿ ਫਿਰ ਗੁਰੂ ਗ੍ਰੰਥ ਸਾਹਿਬ ਜੀ ਵਿਚ ਪ੍ਰਵੇਸ਼ ਕਰ ਕੇ ਸਿੱਖ ਪੰਥ ਦੀ ਰਹਿਨੁਮਾਈ ਕਰਨ ਲਗ ਪਈ। ਨੌਂ ਪਾਤਿਸ਼ਾਹੀਆਂ ਤਕ ਚਰਨ ਪਹੁਲ ਦੀ ਰੀਤੀ ਰਹੀ ਸੀ। ਦੇਹਧਾਰੀ ਗੁਰੂ ਦੀ ਪਰੰਪਰਾ ਬੰਦ ਹੋ ਜਾਣ ਕਰਕੇ ਦਸਮ ਪਿਤਾ ਜੀ ਨੇ ਸਿੱਖੀ ਵਿਚ ਸ਼ਾਮਲ ਹੋਣ ਲਈ ਚਰਨ ਪਾਹੁਲ ਦੀ ਥਾਂ ਖੰਡੇ ਦੇ ਅੰਮ੍ਰਿਤ ਦੀ ਰੀਤੀ ਚਲਾਈ ਤੇ ਹੁਕਮ ਦਿਤਾ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਹਜ਼ੂਰ ਪੰਜਾਂ ਪਿਆਰਿਆਂ ਪਾਸੋਂ ਅੰਮ੍ਰਿਤ ਛਕ ਕੇ ਗੁਰ-ਦੀਖਿਆ ਪ੍ਰਾਪਤ ਕਰੋ ਅਤੇ ਰਹਿਤ ਵਿਚ ਪ੍ਰਪੱਕ ਹੋ ਕੇ ਇਕ ਅਕਾਲੀ ਸ਼ਬਦ ਦੀ ਪੂਜਾ ਕਰੋ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਹਰ ਆਦੇਸ਼ ਨੂੰ ਕਮਾਉਣਾ ਹੈ। ਦਸਮ ਪਾਤਸ਼ਾਹ ਜੀ ਫੁਰਮਾਣ ਕਰਦੇ ਹਨ–

ਜਬ ਲਗ ਖਾਲਸਾ ਰਹੈ ਨਿਆਰਾ॥ ਤਬ ਲਗ ਤੇਜ ਦੀਉ ਮੈਂ ਸਾਰਾ॥<br>
ਜਬ ਇਹ ਗਹੈ ਬਿਪਰਨ ਕੀ ਰੀਤ॥ ਮੈਂ ਨਾ ਕਰੋਂ ਇਨ ਕੀ ਪਰਤੀਤਿ॥

ਸਪੱਸ਼ਟ ਹੈ ਕਿ ਗੁਰੂ ਸਾਹਿਬ ਤਦ ਹੀ ਖੁਸ਼ ਹਨ ਜੇਕਰ ਖਾਲਸਾ ਬਾਕੀ ਜਗ ਤੋਂ ਨਿਆਰਾ ਰਹੇ। ਇਸ ਦੇ ਉਲਟ ਜੇਕਰ ਅੰਮ੍ਰਿਤ ਛਕ ਕੇ ਵੀ ਮੜ੍ਹੀਆਂ ਮਸਾਣਾਂ ਦੀ ਪੂਜਾ ਕਰਦਾ ਰਿਹਾ, ਧਾਗੇ ਤਵੀਤਾਂ, ਜੰਤਰਾਂ ਮੰਤਰਾਂ ਉਤੇ ਵਿਸ਼ਵਾਸ ਰੱਖਦਾ ਰਿਹਾ, ਦੇਹਧਾਰੀ ਕਚੇ ਪਿਲ੍ਹਿਆਂ ਤੇ ਆਪੋਂ ਬਣ ਬੈਠੇ ਗੁਰੂਆਂ ਮਗਰ ਭਜਦਾ ਫਿਰਿਆ, ਆਨ ਮੱਤੀ ਕੁਰੀਤੀਆਂ ਵਿਚ ਉਲਝਿਆ ਰਿਹਾ ਤਾਂ ਉਸ ਦਾ ਰਸਮੀ ਤੌਰ ਤੇ ਅੰਮ੍ਰਿਤ ਛਕਿਆ ਕਿਸੇ ਲੇਖੇ ਨਹੀਂ। ਅਜਿਹੇ ਪ੍ਰਾਣੀਆਂ ਦੀ ਕਲਗੀਧਰ ਪਾਤਸ਼ਾਹ ਦੇ ਫੁਰਮਾਨ ਅਨੁਸਾਰ ਕੋਈ ਕੀਮਤ ਨਹੀਂ ਪੈਣੀ।

"ਸਰਬ ਕੀ ਰੇਨ ਜਾ ਕਾ ਮਨੁ ਹੋਇ॥ ਕਹੁ ਨਾਨਕ ਤਾ ਕੀ ਨਿਰਮਲ ਸੋਇ"

ਜਿਹੜਾ ਮਨੁੱਖ ਆਪਣੇ ਆਪ ਨੂੰ ਸਭਨਾਂ ਦੀ ਧੂੜੀ ਸਮਝਦਾ ਹੈ, ਉਹ ਹੀ ਨਿਰੰਕਾਰ ਵਾਹਿਗੁਰੂ ਦੀ ਦਰਗਾਹ ਵਿਚ ਮਨਜ਼ੂਰ ਹੁੰਦਾ ਹੈ ਅਤੇ ਸਾਰਿਆਂ ਲੋਕਾਂ ਵਿਚ ਉਸ ਦੀ ਸੋਭਾ ਹੁੰਦੀ ਹੈ। ਸਭ ਉਸ ਦਾ ਦਿਲੋਂ ਮਾਣ ਕਰਦੇ ਹਨ। ਪਰ ਜੋ ਲੋਕ ਅੰਮ੍ਰਿਤ ਛਕ ਕੇ ਪੰਥ ਦੇ ਮੁਖੀ ਨੇਤਾ ਅਖਵਾ ਕੇ ਆਪਣੇ ਸਵਾਰਥ ਵਾਸਤੇ ਸਿੱਖ ਪੰਥ ਦੇ ਦੋਖੀਆਂ ਅੱਗੇ ਵੀ ਝੋਲੀ ਅੱਡੀ ਫਿਰਦੇ ਹਨ ਕਿ ਤੁਹਾਡੀ ਖ਼ੈਰ ਪਾਉਣ ਨਾਲ ਮੇਰੀ ਪੰਥ ਵਿਚ ਸ਼ਾਨ ਬਣਦੀ ਹੈ, ਇਹੋ ਜਿਹੇ ਲੋਕਾਂ ਨੂੰ ਪੰਥ ਦੇ ਵਾਲੀ ਗੁਰੂ ਗੋਬਿੰਦ ਸਿੰਘ ਜੀ ਕਦੇ ਵੀ ਮੁਆਫ ਨਹੀਂ ਕਰਨਗੇ। ਉਨ੍ਹਾਂ ਨੇ ਆਪਣਾ ਸਾਰਾ ਸਰਬੰਸ ਧਰਮ ਦੇ ਉਤੋਂ ਕੁਰਬਾਨ ਕਰ ਦਿੱਤਾ, ਪਰ ਧਰਮ ਦੇ ਦੋਖੀਆਂ ਦੀ ਕਦੇ ਵੀ ਈਨ ਨਹੀਂ ਮੰਨੀ। ਪਰ ਅੱਜ ਸਾਨੂੰ ਆਪਣੇ ਅੰਦਰ ਵੀ ਝਾਤੀ ਮਾਰਨੀ ਚਾਹੀਦੀ ਹੈ। ਪੰਥ ਦੀ ਗ਼ਦਾਰੀ ਕਰਨ ਵਾਲੇ ਮੁਢ ਤੋਂ ਹੀ ਚਲੇ ਆ ਰਹੇ ਹਨ ਪਰ ਜਦੋ ਖਾਲਸੇ ਦਾ ਦਾਅ ਲੱਗਾ ਉਨ੍ਹਾਂ ਨੂੰ ਡੰਨ ਮਿਲਦੇ ਰਹੇ। ਹਮੇਸ਼ਾ ਹੀ ਪੰਥ ਦੇ ਵਿਰੋਧੀ ਜ਼ਿਆਦਾ ਹੀ ਗਿਣਤੀ ਵਿਚ ਹੁੰਦੇ ਹਨ, ਕਿਉਂਕਿ ਸਿੱਖ

(ਬਾਕੀ ਪੰਨਾ ੧੫ ਤੇ ...)



www.AKJ.Org

# ਗੁਰੂ ਗ੍ਰੰਥ ਸਾਹਿਬ ਵਿਚਲੀ ਬਾਣੀ ਦਾ ਵੇਰਵਾ

ਇਸ ਪੁਸਤਕ ਵਿਚ ਪੂਰੇ ਵਿਸਥਾਰ ਨਾਲ ਦਸਿਆ ਗਿਆ ਹੈ ਕਿ ਗੁਰੂ ਗ੍ਰੰਥ ਸਾਹਿਬ ਵਿਚ ਚਾਰ ਪਰਕਾਰ ਦੇ ਮਹਾਂਪੁਰਖਾਂ ਦੀ ਬਾਣੀ ਦਰਜ ਹੈ। ਉਨ੍ਹਾਂ ਦੇ ਸ਼ਬਦਾਂ ਦਾ ਨਖੇੜ ਨਿਮਨ ਅਨੁਸਾਰ ਹੈ :–

੧ ਸਿਖ ਗੁਰੂ ਸਾਹਿਬਾਨ ਦੀ ਬਾਣੀ

| | |
|---|---|
| 1. ਸ੍ਰੀ ਗੁਰੂ ਨਾਨਕ ਦੇਵ ਸਾਹਿਬ ਜੀ | 974 ਸ਼ਬਦ |
| ੨. ਸ੍ਰੀ ਗੁਰੂ ਅੰਗਦ ਦੇਵ ਸਾਹਿਬ ਜੀ | 6੨ ਸ਼ਬਦ |
| 3. ਸ੍ਰੀ ਗੁਰੂ ਅਮਰਦਾਸ ਸਾਹਿਬ ਜੀ | 907 ਸ਼ਬਦ |
| 4. ਸ੍ਰੀ ਗੁਰੂ ਰਾਮਦਾਸ ਸਾਹਿਬ ਜੀ | 679 ਸ਼ਬਦ |
| 5. ਸ੍ਰੀ ਗੁਰੂ ਅਰਜਨ ਦੇਵ ਸਾਹਿਬ ਜੀ | ੨218 ਸ਼ਬਦ |
| (ਗੁਰੂ ਅਰਜਨ ਦੇਵ ਜੀ ਨੇ 30 ਰਾਗਾਂ ਵਿਚ ਬਾਣੀ ਰਚੀ) | |
| 6. ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ | 115 ਸ਼ਬਦ |
| (31 ਵੇਂ ਰਾਗ ਜੈਜਾਵੰਤੀ ਵਿਚ ਵੀ ਬਾਣੀ ਰਚੀ) | |
| | ਜੋੜ = 4955 ਸ਼ਬਦ |

(ਕੁਝ ਸਜਣ ਇਸੇ ਬਾਣੀ ਨੂੰ 4949 ਸ਼ਬਦਾਂ ਵਿਚ ਗਿਣਦੇ ਹਨ)

੨. 15 ਭਾਰਤੀ ਭਗਤਾਂ ਦੀ ਬਾਣੀ

| | |
|---|---|
| 1. ਬਾਬਾ ਸ਼ੇਖ ਫਰੀਦ ਸਾਹਿਬ ਜੀ | 116 ਸ਼ਬਦ |
| ੨. ਭਗਤ ਜੈ ਦੇਵ ਸਾਹਿਬ ਜੀ | ੨ ਸ਼ਬਦ |
| 3. ਭਗਤ ਤਿਰਲੋਚਨ ਸਾਹਿਬ ਜੀ | 4 ਸ਼ਬਦ |
| 4. ਭਗਤ ਨਾਮ ਦੇਵ ਸਾਹਿਬ ਜੀ | 61 ਸ਼ਬਦ |
| 5. ਭਗਤ ਰਾਮਾਨੰਦ ਸਾਹਿਬ ਜੀ | 1 ਸ਼ਬਦ |
| 6. ਭਗਤ ਕਬੀਰ ਸਾਹਿਬ ਜੀ | 541 ਸ਼ਬਦ |

(ਪਹਿਲੇ, ਤੀਜੇ, ਚੌਥੇ ਅਤੇ ਪੰਜਵੇਂ ਗੁਰੂ ਸਾਹਿਬ ਤੋਂ ਮਗਰੋਂ ਸਭ ਤੋਂ ਵਧ ਇਨ੍ਹਾਂ ਦੀ ਬਾਣੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹੈ।)

| | |
|---|---|
| 7. ਭਗਤ ਰਵੀਦਾਸ ਸਾਹਿਬ ਜੀ | 40 ਸ਼ਬਦ |
| 8. ਭਗਤ ਸੈਣ ਸਾਹਿਬ ਜੀ | 1 ਸ਼ਬਦ |
| 9. ਭਗਤ ਧੰਨਾ ਸਾਹਿਬ ਜੀ | 3 ਸ਼ਬਦ |
| 10. ਭਗਤ ਪੀਪਾ ਸਾਹਿਬ ਜੀ | 1 ਸ਼ਬਦ |
| 11. ਭਗਤ ਪਰਮਾਨੰਦ ਸਾਹਿਬ ਜੀ | 1 ਸ਼ਬਦ |
| 1੨. ਭਗਤ ਸੂਰਦਾਸ ਸਾਹਿਬ ਜੀ | 1 ਸ਼ਬਦ |

(ਮਹਾਨ ਕੋਸ਼ ਵਿਚ ਗਿਣਤੀ ੨ ਦਿਤੀ ਗਈ ਹੈ ਜੋ ਠੀਕ ਨਹੀ ਜਾਪਦੀ ਕਿਉਂਕਿ ਸੂਰਦਾਸ ਜੀ ਦੇ ਨਾਂ ਹੇਠ ਲਿਖਿਆ ਦੂਜਾ ਸ਼ਬਦ ਗੁਰੂ ਅਰਜਨ ਦੇਵ ਜੀ ਦਾ ਉਚਾਰਿਆ ਹੋਇਆ ਹੈ) ਸਭ ਮਹਾਂ ਪੁਰਖਾਂ ਨਾਲੋਂ ਘਟ ਬਾਣੀ ਇਨ੍ਹਾਂ ਦੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹੈ ਜੋ ਇਕੋ ਸੰਖੇਪ ਪੰਗਤੀ ਤੇ ਅਧਾਰਤ ਹੈ।

| | |
|---|---|
| 13. ਭਗਤ ਭੀਖਨ ਸਾਹਿਬ ਜੀ | ੨ ਸ਼ਬਦ |
| (ਇਹ ਘੁੜਾਮ ਨਿਵਾਸੀ ਦਰਵੇਸ਼ ਭੀਖਮ ਸ਼ਾਹ ਨਹੀਂ ਹਨ) | |
| 14. ਭਗਤ ਸਧਨਾ ਸਾਹਿਬ ਜੀ | 1 ਸ਼ਬਦ |
| 15. ਭਗਤ ਬੇਣੀ ਸਾਹਿਬ ਜੀ | 3 ਸ਼ਬਦ |
| | ਜੋੜ = 778 ਸ਼ਬਦ |

੩ ਗੁਰੂ ਘਰ ਦੇ ਪ੍ਰੇਮੀ ਗੁਰਸਿਖ ਸਾਹਿਬਾਨ ਦੀ ਬਾਣੀ

| | |
|---|---|
| 1. ਭਾਈ ਮਰਦਾਨਾ ਸਾਹਿਬ ਜੀ | 3 ਸ਼ਬਦ |
| ੨. ਰਬਾਬੀ ਬਲਵੰਡ ਸਾਹਿਬ ਜੀ | 5 ਸ਼ਬਦ |
| 3. ਰਬਾਬੀ ਸੱਤਾ ਸਾਹਿਬ ਜੀ | 3 ਸ਼ਬਦ |
| 4. ਬਾਬਾ ਸੁੰਦਰ ਸਾਹਿਬ ਜੀ | 6 ਸ਼ਬਦ |
| ਜੋੜ= | 17 ਸ਼ਬਦ |

੪. ਗਿਆਰਾਂ ਅਰਸ਼ੀ ਭਟਾਂ ਦੀ ਬਾਣੀ

| | |
|---|---|
| 1. ਭਟ ਕਲ ਸਹਾਰ ਸਾਹਿਬ ਜੀ | 54 ਸ਼ਬਦ/ਸਵਈਏ (ਕੁਝ ਅਨੁਸਾਰ 56) |
| ੨. ਭਟ ਗਯੰਦ ਸਾਹਿਬ ਜੀ | 13 ਸ਼ਬਦ |
| 3. ਭਟ ਭਿਖਾ ਸਾਹਿਬ ਜੀ | ੨ ਸ਼ਬਦ |
| 4. ਭਟ ਕੀਰਤ ਸਾਹਿਬ ਜੀ | 8 ਸ਼ਬਦ |
| 5. ਭਟ ਮਥੁਰਾ ਸਾਹਿਬ ਜੀ | 1੨ ਸ਼ਬਦ |
| 6. ਭਟ ਜਾਲਪ ਸਾਹਿਬ ਜੀ | 5 ਸ਼ਬਦ |
| 7. ਭਟ ਸਲ੍ਯ ਸਾਹਿਬ ਜੀ | 3 ਸ਼ਬਦ |
| 8. ਭਟ ਭਲ੍ਯ ਸਾਹਿਬ ਜੀ | 1 ਸ਼ਬਦ |
| 9. ਭਟ ਬਲ੍ਯ ਸਾਹਿਬ ਜੀ | 5 ਸ਼ਬਦ |
| 10. ਭਟ ਹਰਿਬੰਸ ਸਾਹਿਬ ਜੀ | ੨ ਸ਼ਬਦ |
| 11. ਭਟ ਨਲ੍ਯ ਸਾਹਿਬ ਜੀ | 16 ਸ਼ਬਦ |
| | ਜੋੜ = 1੨1 |

ਕੁਝ ਵਿਦਵਾਨ ਇਨ੍ਹਾਂ 1੨1 ਸਵਈਆਂ ਨੂੰ 1੨3 ਸਵਈਆਂ ਵਿਚ ਵੰਡਦੇ ਹਨ। ਸਮੁਚਾ ਜੋੜ 4955 + 778 + 17 + 1੨1 = 5871 ਸ਼ਬਦ (ਪ੍ਰੀਚੈ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚੋਂ)

---

(ਪੰਨਾ ੧੩ ਦਾ ਬਾਕੀ ....)

ਧਰਮ ਇਕ ਨਵੀਨ ਧਰਮ ਹੈ ਅਤੇ ਬਾਕੀ ਸਭ ਧਰਮਾਂ ਨਾਲੋਂ ਵਿਲੱਖਣ ਹੈ। ਇਹ ਕਿਸੇ ਦੀ ਵੀ ਈਨ ਨਹੀਂ ਮੰਨਦਾ। ਖਾਲਸਾ ਜੀ ਨੂੰ ਗੁਰੂ ਵਲੋਂ ਬਖ਼ਸ਼ਿਆਂ ਹੋਇਆ ਤਪ-ਤੇਜ, ਤਾਂ ਹੀ ਕਾਇਮ ਰਹਿ ਸਕਦਾ ਹੈ ਜੇ ਖਾਲਸਾ ਨਿਆਰਾ ਹੋ ਕੇ ਵਿਚਰੇ। ਪੰਥਕ ਆਗੂਆਂ ਅਗੇ ਬੇਨਤੀ ਹੈ ਕਿ ਉਹ ਕਿਸੇ ਦੂਸਰੀ ਕੌਮ ਦੀ ਦੁਬੈਲਤਾ ਨੂੰ ਨਾ ਕਬੂਲਣ, ਸਗੋਂ ਗੁਰੂ-ਹੁਕਮਾਂ ਦੀ ਪਾਲਣਾ ਕਰਨ ਅਤੇ ਪੰਥ ਵਿਚ ਫੁਟ ਦੀ ਥਾਂ ਪ੍ਰੇਮ-ਪਿਆਰ ਤੇ ਮੇਲ-ਮਿਲਾਪ ਦਾ ਵਾਤਾਵਰਨ ਪੈਦਾ ਕਰਨ। ਅਗਰ ਐਸਾ ਨਾ ਹੋਇਆ ਤਾਂ ਸਾਡੇ ਧਰਮ ਉਤੇ ਹਿੰਦੂ ਧਰਮ ਐਸੀ ਹਕੂਮਤ ਕਰੇਗਾ ਜੋ ਗ਼ੈਰਾਂ ਨਾਲੋਂ ਵਧ ਮੁਸੀਬਤ ਦਾ ਕਾਰਨ ਹੋਵੇਗੀ।, ਇਸ ਕਰਕੇ ਅਸੀਂ ਬਿਨਾਂ ਕਿਸੇ ਲਾਲਚ ਦੇ ਸਾਰੀ ਸਿਖ ਸੰਗਤ ਅੰਦਰ ਢੋਡੋਰਾ ਦਈਏ ਕਿ –

"ਸਭ ਸਿੱਖਨ ਕੋ ਹੁਕਮ ਹੈ, ਗੁਰੂ ਮਾਨੀਓ ਗ੍ਰੰਥ॥"

ਇਹ ਤਾਂ ਹੀ ਕਹਿ ਸਕਦੇ ਹਾਂ ਜੇ ਸਾਡਾ ਸਿਮਰਨ ਅਭਿਆਸ ਹੋਵੇ। ਸਿਮਰਨ ਇਕ ਐਸੀ ਸ਼ਕਤੀ ਹੈ ਜਿਸ ਸਾਹਮਣੇ ਦੁਨੀਆ ਦੀ ਕੋਈ ਤਾਕ ਅੜ ਨਹੀਂ ਸਕਦੀ। ਜੇ ਦਸ ਲਖ ਨਾਲ ੪੦ ਸਿੰਘ ਮੁਕਾਬਲਾ ਕਰ ਸਕਦੇ ਹਨ ਅਤੇ ਉਨ੍ਹਾਂ ਅੱਗੇ ਹਥਿਆਰ ਨਹੀਂ ਸੁਟ ਸਕਦੇ ਤਾਂ ਕੀ ਸਾਡੇ ਵਿਚ ਉਹ ਸ਼ਕਤੀ ਨਹੀਂ ਆ ਸਕਦੀ। ਉਨ੍ਹਾਂ ਨੂੰ ਗੁਰੂ ਉਤੇ ਪੂਰਨ ਭਰੋਸਾ ਸੀ। ਸੋ ਖਾਲਸਾ ਜੀ ਅੰਮ੍ਰਿਤ ਛਕੋ ਤੇ ਨਾਮ ਜਪੋ।

— — —

# ਗੁਰੂ ਗ੍ਰੰਥ ਸਾਹਿਬ ਵਿਚ ਆਏ ਰਾਗਾਂ ਬਾਰੇ ਜਾਣਕਾਰੀ

(ਸ੍ਰ: ਸਰੂਪ ਸਿੰਘ ਅਲੱਗ)

ਸੰਗੀਤ ਅਕਾਲ-ਪੁਰਖ ਦੀ ਆਪਣੀ ਭਾਸ਼ਾ ਹੈ ਜੋ ਹਰ ਕਿਸੇ ਨੂੰ ਅਸਾਨੀ ਨਾਲ ਸਮਝ ਆਉਂਦੀ ਹੈ। ਇਹ ਸੰਗੀਤ ਮਨ ਨੂੰ ਵਸ ਕਰਨ, ਇਸ ਨੂੰ ਨਿਰਮਲ ਕਰਨ ਤੇ ਧੀਰਜ ਬਨਾਣ ਵਿਚ ਪੂਰਨ ਸਮਰਥ ਹੈ। ਗੁਰੂ ਸਾਹਿਬਾਨ ਨੇ 'ਧੁਰ ਕੀ ਬਾਣੀ' ਨੂੰ ਰਾਗਾਂ ਵਿਚ ਮੜ੍ਹ ਕੇ ਇਸ ਨੂੰ ਹੋਰ ਅਲੌਕਕ ਤੇ ਅਨੰਦਦਾਈ ਬਣਾ ਦਿਤਾ ਹੈ। 31 ਰਾਗਾਂ ਵਿਚ ਸਾਰੀ ਬਾਣੀ ਗਾਈ ਗਈ ਹੈ ਅਤੇ ਰਾਗ ਵੀ ਵਿਸ਼ੇਸ਼ ਤੌਰ ਤੇ ਉਹ ਰਖੇ ਗਏ ਹਨ ਜਿਹੜੇ ਬਹੁਤੀ ਭੜਕਾਹਟ ਤਪਸ਼ ਤੇ ਮਾਰੂ ਠੰਡ ਵਾਲੇ ਨਾ ਹੋਣ ਤਾਂ ਜੋ ਮਨੁਖੀ ਮਨ ਬਹੁਤ ਅਤਵਾਦੀ ਹਾਲਤਾਂ ਵਿਚ ਵਿਚਰ ਕੇ ਸੰਤੋਖ ਪ੍ਰਾਪਤੀ ਦੀ ਥਾਂ ਬਚੈਨੀ ਵਾਲੀ ਅਵਸਥਾ ਵਿਚ ਭੰਬਲ ਭੂਸੇ ਨਾ ਖਾਂਦਾ ਰਹੇ। ਜੇ ਰਾਗਾਂ ਦਾ ਹਿਸਾਬ ਲਗਾਇਆ ਜਾਵੇ ਤਾਂ ਸ੍ਰੀ ਗੁਰੂ ਰਾਮ ਦਾਸ ਜੀ ਨੇ ੨੭ ਅਤੇ ਗੁਰੂ ਅਰਜਨ ਦੇਵ ਜੀ ਮਹਾਰਾਜ ਨੇ 30 ਰਾਗਾਂ ਵਿਚ ਬਾਣੀ ਰਚੀ ਹੈ, ਇਕੱਤੀਵਾਂ ਰਾਗ ਜੈਜਾਵੰਤੀ ਗੁਰੂ ਤੇਗ ਬਹਾਦਰ ਜੀ ਨੇ ਹੀ ਵਰਤਿਆ ਹੈ।

ਗੁਰੂ ਗ੍ਰੰਥ ਸਾਹਿਬ ਦੇ ਪੰਨਾ 1 ਤੋਂ 8 ਤਕ ਗੁਰੂ ਨਾਨਕ ਦੇਵ ਜੀ ਦੀ ਬਾਣੀ ਜਪੁ ਸਾਹਿਬ ਹੈ ਜੋ ਕਿ ਰਾਗੁ ਤੋਂ ਮੁਕਤ ਹੈ। ਰਾਗਾਂ ਤੇ ਉਨ੍ਹਾਂ ਨਾਲ ਸਬੰਧਤ ਬਾਣੀ ਦੇ ਪੰਨਿਆਂ ਦਾ ਵੇਰਵਾ ਨਿਮਨ ਅਨੁਸਾਰ ਹੈ :-

1. ਰਾਗੁ ਸਿਰੀ ਰਾਗੁ ਪੰਨਾ 14 ਤੋਂ ੭3 ਤਕ

"ਰਾਗਨ ਮੇ ਸਿਰੀ ਰਾਗੁ ਪਾਰਸ ਬਖਾਨ ਹੈ"

ਸਿਰੀ ਰਾਗ ਗੁਰੂ ਗ੍ਰੰਥ ਸਾਹਿਬ ਵਿਚ ਸਭ ਤੋਂ ਪਹਿਲੇ ਆਇਆ ਰਾਗ ਹੈ ਅਤੇ ਇਸ ਲਈ ਸਬੰਧਤ ਬਾਣੀ ਪੰਨਾ 14 ਤੋਂ ੭3 ਤਕ ਅੰਕਤ ਹੈ। ਇਹ ਭਾਰਤ ਦੀ ਰਾਗ ਸੰਗਲੀ ਦਾ ਇਕ ਬਹੁਤ ਪੁਰਾਣਾ ਪਰ ਕਠਨ ਰਾਗ ਹੈ ਜਿਸ ਨੂੰ ਸੁਘੜ ਸੰਗੀਤ ਕਾਰ ਹੀ ਗਾ ਸਕਣ ਦੀ ਮੁਹਾਰਤ ਰਖਦੇ ਹਨ। ਮੁਖ ਕਰ ਕੇ ਇਹ ਸੰਧਿਆ ਵੇਲੇਂ ਸ਼ਾਮ ਨੂੰ ਗਾਇਆ ਜਾਣ ਵਾਲਾ ਰਾਗ ਹੈ।

ਵਨੰਗੀ

ਮੋਤੀ ਤ ਮੰਦਰ ਊਸਰਹਿ ਰਤਨੀ ਤ ਹੋਹਿ ਜੜਾਉ
ਕਸਤੂਰਿ ਕੁੰਗੂ ਅਗਰਿ ਚੰਦਨਿ ਲੀਪਿ ਆਵੈ ਚਾਉ
ਮਤੁ ਦੇਖਿ ਭੂਲਾ ਵੀਸਰੈ ਤੇਰਾ ਚਿਤਿ ਨ ਆਵੈ ਨਾਉ .... ਪੰਨਾ - 14

੨. ਰਾਗੁ ਮਾਝ 94 ਤੋਂ 137 ਤਕ ਤੇ ਵਾਰ ਮਾਝ ਕੀ 137 ਤੋਂ 150 ਤਕ

ਇਹ ਰਾਗ ਪੰਜਾਬ ਦੇ ਮਾਝੇ ਇਲਾਕੇ ਵਿਚ ਪਰਚਲਤ ਸੰਗੀਤਕ ਤੇ ਲੋਕ ਧੁਨਾਂ ਤੋਂ ਉਪਜਿਆ ਹੋਣ ਕਾਰਨ ਨਰੋਲ ਪੰਜਾਬੀ ਰਾਗ ਹੈ, ਠੇਠ ਪੰਜਾਬੀ ਭਾਸ਼ਾ ਵਿਚ ਰਚੀ ਗੁਰੂ ਸਾਹਿਬਾਨ ਦੀ ਬਾਣੀ, ਨਰੋਲ ਪੰਜਾਬੀ ਰਾਗ ਵਿਚ ਗਾਏ ਜਾਣ ਨਾਲ ਜੋ ਅਨੰਦ ਸਰੋਤਿਆਂ ਦੇ ਦਿਲ ਦਿਮਾਗ ਤੇ ਆਤਮਾ ਉਤੇ ਹੁੰਦਾ ਹੈ ਉਹ ਵਰਨਣ ਤੋਂ ਬਾਹਰਾ ਹੈ। ਹਰ ਪੰਜਾਬੀ ਕਿਸੇ ਨਾ ਕਿਸੇ ਰੂਪ ਵਿਚ ਇਸ ਰਾਗ ਤੋਂ ਪਰੀਚਤ ਹੈ। ਗੁਰੂ ਅਰਜਨ ਦੇਵ ਜੀ ਨੇ ਬਾਰਾਂ ਮਹੀਨਿਆਂ ਦੌਰਾਨ ਮਨੁਖੀ ਮਨ ਦੀ ਦਸ਼ਾ ਦਾ ਜੋ ਵਰਨਣ ਕੀਤਾ ਹੈ। ਉਸ ਬਾਣੀ ਨੂੰ ਇਸੇ ਰਾਗ ਵਿਚ ਗਾਵਣ ਦੀ ਹਦਾਇਤ ਕੀਤੀ ਹੈ। ਰਾਗ ਮਾਲਾ ਵਿਚ ਇਸ ਰਾਗ ਦਾ ਜ਼ਿਕਰ ਨਹੀਂ ਆਇਆ।

ਹਰਿ ਜਪਿ ਜਪੇ ਮਨੁ ਧੀਰੇ- ਰਹਾਉ ਸਿਮਰਿ ਸਿਮਰਿ ਗੁਰ ਦੇਉ
ਮਿਟਿ ਗਏ ਭੈ ਦੂਰੇ ਸਰਨਿ ਆਵੈ ਪਾਰਬ੍ਰਹਮ ਕੀ ਤਾ ਫਿਰਿ ਕਾਹੇ ਝੂਰੇ
ਚਰਨ ਸੇਵ ਸੰਤ ਸਾਧ ਕੇ ਸਗਲ ਮਨੋਰਥ ਪੂਰੇ .....ਪੰਨਾ 13੨-133

3. ਰਾਗੁ ਗਉੜੀ ਪੰਨਾ 1੨ ਤੋਂ 13 ਅਤੇ 151 ਤੋਂ 346 ਤਕ

"ਗਉੜੀ ਰਾਗਿ ਸੁਲਖਣੀ ਜੇ ਖਸਮੈ ਚਿਤਿ ਕਰੇਇ
ਭਾਣੈ ਚਲੈ ਸਤਿਗੁਰੂ ਕੈ ਐਸਾ ਸੀਗਾਰੁ ਕਰੇਇ" (ਪੰਨਾ -311)



www.AKJ.Org

ਬਿਲਾਵਲੁ ਕਰਹਿ ਤੁਮ ਪਿਆਰਿਹੋ ਏਕਸੁ ਸਿਉ ਲਿਵ ਲਾਇ
ਜਨਮ ਮਰਣ ਦੁਖੁ ਕਟੀਐ ਸਚੇ ਰਹੈ ਸਮਾਇ
ਸਦਾ ਬਿਲਾਵਲੁ ਅਨੰਦੁ ਹੈ ਜੇ ਚਲਹਿ ਸਤਿਗੁਰ ਭਾਇ
ਸਤ ਸੰਗਤੀ ਬਹਿ ਭਾਉ ਕਰਿ ਸਦਾ ਹਰਿ ਕੇ ਗੁਣ ਗਾਇ
ਨਾਨਕ ਸੇ ਜਨ ਸੋਹਣੇ ਜਿ ਗੁਰਮੁਖਿ ਮੇਲਿ ਮਿਲਾਇ (ਪੰਨਾ - 849)

ਸ਼ਬਦ ਦੇ ਸੰਖੇਪ ਅਰਥ ਇਹ ਹਨ ਕਿ ਮੇਰੇ ਪਿਆਰਿਓ ਇਕ ਸੁਆਮੀ ਨਾਲ ਪ੍ਰੇਮ ਪਾ ਕੇ ਹੀ ਅਨੰਦ ਮਾਣੋ। ਅਜਿਹਾ ਕਰਨ ਨਾਲ ਤੁਹਾਡੀ ਜਨਮ ਮਰਨ ਦੀ ਪੀੜ ਹਰ ਜਾਏਗੀ ਤੇ ਤੁਸੀ ਸਚੇ ਸੁਆਮੀ ਵਿਚ ਲੀਨ ਹੋ ਜਾਓਗੇ। ਜੇ ਕਰ ਤੁਸੀ ਸਦਾ ਅਕਾਲ ਪੁਰਖ ਦੀ ਰਜ਼ਾ ਵਿਚ ਵਿਚਰੋਗੇ ਤਾਂ ਤੁਸੀ ਹਮੇਸ਼ਾ ਬਿਲਾਵਲੁ ਦਾ ਅਨੰਦ ਮਾਣੋਗੇ।

ਬਿਲਾਵਲੁ ਰਾਗ ਦਿਨ ਦੇ ਦੂਜੇ ਪਹਿਰ ਦੇ ਅਰੰਭ ਵਿਚ ਗਾਇਆ ਜਾਂਦਾ ਹੈ ਅਤੇ ਅਨੰਦ ਮੰਗਲ ਦੇ ਅਵਸਰ ਲਈ ਇਹ ਰਾਗ ਗਾਉਣਾ ਵਿਸ਼ੇਸ਼ ਨਿਸਚਤ ਹੈ। ਇਹ ਸੰਪੂਰਣ ਜਾਤੀ ਦਾ ਰਾਗ ਹੈ ਜਿਸ ਦੇ ਸਾਰੇ ਸ਼ੁਧ ਹਨ। "ਹਰਿ ਉਤਮੁ ਹਰਿ ਪ੍ਰਭੁ ਗਾਵਿਆ ਕਰਿ ਨਾਦੁ ਬਿਲਾਵਲੁ ਰਾਗ"

ਵੰਨਗੀ

ਸਫਲ ਜਨਮੁ ਮੋਕਉ ਗੁਰ ਕੀਨਾ ਦੂਖ ਬਿਸਾਰਿ ਸੁਖ ਅੰਤਰਿ ਲੀਨਾ
ਗਿਆਨ ਅੰਜਨੁ ਮੋਕਉ ਗੁਰਿ ਦੀਨਾ ਰਾਮ ਨਾਮ ਬਿਨੁ ਜੀਵਨੁ ਮਨ ਹੀਨਾ -
ਰਹਾਉ ਨਾਮ ਦੇਇ ਸਿਮਰਨੁ ਕਰਿ ਜਾਨਾ ਜਗ ਜੀਵਨ ਸਿਉ ਜੀਉ ਸਮਾਨਾ -
ਭਗਤ ਨਾਮਦੇਵ (ਪੰਨਾ - 857/58) (ਬਾਕੀ ਹਿੱਸਾ ਅਗਲੇ ਅੰਕ ਵਿਚ)

---

(ਪੰਨਾ ੧੦ ਦਾ ਬਾਕੀ ....)

ਏਥੇ ਤਕ ਆਖ ਦਿੱਤਾ ਕਿ ਜੋਗੀ,, ਜੰਗਮ ਇਦ੍ਰ, ਪ੍ਰਹਿਲਾਦ,· ਰਿਸ਼ੀ, ਮੁਨੀ, ਮਹਾਂਦੇਉ, ਬ੍ਰਹਮਾ, ਜਿਸ ਪਰਮਾਤਮਾ ਦੀ ਆਰਾਧਨਾ ਕਰਦੇ ਸਨ ਉਹ ਗੁਰੂ ਦੇਵ ਜੀ ਆਪ ਸਨ, ਜਿਨ੍ਹਾਂ ਦਾ ਨਿਰਮਲ ਜਸ ਸਮੂਹ ਭਗਤਾਂ ਦੇ ਘੱਟ ਘੱਟ ਵਿਚ ਸਮਾਇਆ ਹੋਇਆ ਸੀ। ਸ਼੍ਰੋਮਣੀ ਭੱਟ, ਕਵੀ ਕਲਸਹਾਰ ਨੇ ਆਪਣੀ ਸ਼ਰਧਾ ਦਾ ਪ੍ਰਗਟਾਵਾ ਇਨਾ ਅੱਖਰਾਂ ਦੁਆਰਾ ਕੀਤਾ।

ਗੁਣ ਗਾਵਹਿ ਨਵ ਨਾਥ ਧੰਨਿ ਗੁਰੁ ਸਾਚਿ ਸਮਾਇਓ॥
ਮਾਧਾਤਾ ਗੁਣ ਰਵੈ ਜੇਨ ਚਕ੍ਰਵੈ ਕਹਾਇਓ॥
ਗੁਣ ਗਾਵੈ ਬਲਿਰਾਉ ਸਪਤ ਪਾਤਾਲਿ ਬਸੰਤੋ॥
ਭਰਥਰਿ ਗੁਣ ਉਚਰੈ ਸਦਾ ਗੁਰ ਸੰਗਿ ਰਹੰਤੋ॥
ਦੂਰਬਾ ਪਰੂਰਉ ਅੰਗਰੇ ਗੁਰ ਨਾਨਕ ਜਸੁ ਗਾਇਓ॥
ਕਬਿਕਲ੍ਯ ਸੁਜਸ ਨਾਲਕ ਗੁਰ ਘਟਿ ਘਟਿ ਸਹਜਿ ਸਮਾਇਓ॥੧੦॥ (੧੩੯੦)

ਏਕ ਜੋਤਿ ਦੁਇ ਮੂਰਤੀ ਦੇ ਗੁਰਮਤਿ ਸਿਧਾਂਤ ਦੀ ਸੋਝੀ ਵਿਰਲੇ ਜੀਵ ਦੇ ਹਿਰਦੇ ਵਿਚ ਦ੍ਰਿੜ ਹੋਈ ਹੈ। ਦਸਮੇਸ਼ ਪਿਤਾ ਦੇ ਕਥਨ ਅਨੁਸਾਰ ਬਹੁਤ ਲੋਕਾਂ ਨੇ ਸਾਰੇ ਗੁਰੂਆਂ ਨੂੰ ਭਿੰਨ ਭਿੰਨ ਹੀ ਸਮਝਿਆ। ਇਸ ਦਾ ਅਮਲੀ ਪਰਚਾਰ ਭੱਟਾਂ ਨੇ ਹੀ ਨਹੀਂ ਕੀਤਾ, ਸਤੇ ਤੇ ਬਲਵੰਡ ਦੀ ਵਾਰ ਵਿੱਚ ਵੀ ਇਕੋ ਜੋਤਿ, ਇਕੋ ਜੁਗਤਿ ਦਾ ਜ਼ਿਕਰ ਸਪਸ਼ਟ ਸ਼ਬਦਾਂ ਵਿਚ ਹੋਇਆ ਹੈ।

ਲਹਣੇ ਕੀ ਫੇਰਾਈਐ ਨਾਨਕਾ ਦੋਹੀ ਖਟੀਐ॥
ਜੋਤਿ ਓਹਾ ਜੁਗਤਿ ਸਾਇ ਸਹਿ ਕਾਇਆ ਫੇਰਿ ਪਲਟੀਐ॥ (੯੬੬)

■ ■ ■ ■


www.AKJ.Org

# ਸਿੱਖ ਸੰਗਤਾਂ ਨੂੰ ਇੱਕ ਸੁਨੇਹਾ

(ਭਾਈ ਗੁਰਭੇਜ ਸਿੰਘ ਬਾਦਸ਼ਾਹ ਪੁਰੀ)

ਸਤਿਗੁਰੂ ਦੇ ਚਰਨ ਪੁਵਾਉਣ ਲਈ ਸਾਫ਼ ਕਰੋ ਸਾਰੇ ਰਸਤਿਆਂ ਨੂੰ
ਫਿਰ ਪਾਤਸ਼ਾਹ ਦੇ ਅਦਬ ਸਤਿਕਾਰ ਲਈ ਜੱਥਾ ਤਿਆਰ ਹੋਵੇ।
ਉਪਰ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਝੂਲੇ ਛਤਰ ਸੋਹਣਾ,
ਦੂਰ ਦੂਰ ਤਾਂਈ ਨਿਗਾਰੇ ਦੀ ਪੈਂਦੀ ਗੂੰਜਾਰ ਹੋਵੇ।
ਅੱਗੇ ਅੱਗੇ ਕੇਸਰੀ ਝੂਲਦੇ ਹੋਵਣ ਪੰਜ ਨਿਸਾਨ ਸਿੰਘੋ,
ਪੰਜਾਂ ਪਿਆਰਿਆਂ ਦੇ ਹੱਥਾਂ ਵਿੱਚ ਸੁਭਾਏ ਮਾਨ ਤਲਵਾਰ ਹੋਵੇ।
ਰੰਗ ਬਰੰਗੇ ਫੁੱਲਾਂ ਦੀ ਵਰਖਾ ਜਗਤ ਗੁਰੂ ਉਪਰ ਹੋਵੇ ਸੋਹਣੀ,
ਭਾਂਤ ਭਾਂਤ ਦੀ ਸੁਗੰਦੀ—ਦੀ ਫੈਲਦੀ ਮੁਹਾਰ ਹੋਵੇ।
ਸੰਗਤਾਂ ਰਲ ਮੂਲ ਮੰਤਰ ਦਾ ਕਰਦੀਆਂ ਜਾਪ ਹੋਵਣ,
ਨਾਲੇ ਸਾਰੀਆਂ ਸੰਗਤਾਂ ਦੇ ਚਿੱਤ ਵਿੱਚ ਗੁਰੂ ਦਾ ਪਿਆਰ ਹੋਵੇ।
ਗੁਰੂ ਸਾਹਿਬ ਦੀ ਉਡੀਕ ਕਰਨ ਬੈਠ ਕੇ ਸਭ ਸੰਗਤਾਂ,
ਹਰੇਕ ਮਨ ਅੰਦਰ ਗੁਰੂ ਗ੍ਰੰਥ ਸਾਹਿਬ ਲਈ ਸਤਿਕਾਰ ਹੋਵੇ।
ਕਿਤੇ ਇਹ ਨਾਂ ਹੋਵੇ ਸਤਿਗੁਰੂ ਸਾਥੋਂ ਪਹਿਲਾ ਆਏ ਹੋਵਣ,
ਫਿਰ ਸੰਗਤਾਂ ਦੀ ਉਡੀਕ ਕਰਦਾ ਆਪ ਦਾਤਾਰ ਹੋਵੇ।
ਸਤਿਗੁਰਾਂ ਦੇ ਪ੍ਰਕਾਸ਼ ਲਈ ਸੁੱਧ ਢੁਕਵੇਂ ਅਸਥਾਨ ਦੀ ਪਛਾਣ ਕਰਨੀ,
ਸ਼ੁੱਧ ਪਾਠ ਲਈ ਗ੍ਰੰਥੀ ਸਿੰਘ ਤਿਆਰ ਬਰ ਤਿਆਰ ਹੋਵੇ।
ਚੁਪ ਚਾਪ ਤੁਸੀ ਅਰਾਮ ਨਾਲ ਪਾਠ ਸੁਣੋ ਬੈਠ ਸੰਗਤਾਂ,
ਫਿਰ ਕੀਰਤਨ ਦੀ ਮਿੱਠੀ ਮਿੱਠੀ ਹੁੰਦੀ ਵੀਚਾਰ ਹੋਵੇ,
ਸਤਿਗੁਰਾਂ ਦੀ ਰਵਾਨਗੀ ਲਈ ਪਹਿਲਾ ਅਰਦਾਸਾ ਸੋਧਣਾ ਜੀ,
ਫਿਰ ਪਾਤਸ਼ਾਹ ਦੀ ਸਵਾਰੀ ਉਠਾਣ ਲਈ ਦਰਸਨੀ ਸਿੰਘ ਸਰਦਾਰ ਹੋਵੇ।
ਸ਼ਹਿਨਸ਼ਾਹ ਦੇ ਸਤਿਕਾਰ ਲਈ ਸੰਗਤਾਂ ਵਿੱਚ ਪਿਆਰ ਹੋਵੇ ਜ਼ਿਆਦਾ,
ਗਿਣਤੀ ਸੰਗਤਾਂ ਦੀ ਨਾਲ ਤੁਰੀ ਆਉਂਦੀ ਬੇਸ਼ੁਮਾਰ ਹੋਵੇ।
ਸਬਦ ਗੁਰੂ ਦਾ ਸਤਿਕਾਰ ਕਰਨ ਲਈ ਦਾਸ ਵਰਦਾਨ ਮੰਗੇ,
ਤੇ ਨਾਲ 'ਬਾਦਸ਼ਾਹ ਪੁਰੀ' ਸੱਚੇ ਦਿਲੋਂ ਸਹਿਨਸ਼ਾਹ ਤੋਂ ਬਲਿਹਾਰ ਹੋਵੇ।

---

## ਦੋ ਰੁਬਾਈਆਂ

(ਸ: ਸੁਰਜੀਤ ਸਿੰਘ 'ਸਾਜਨ')

ਚੌਰਾਸੀ ਦੇ ਗੇੜਿਆਂ ਤੋਂ, ਉਬਰਨਾ ਹੈ ਕਿਵੇਂ ?
ਭਵ-ਸਾਗਰ ਦੀਆਂ ਲਹਿਰਾਂ ਤੇ ਤਰਨਾ ਹੈ ਕਿਵੇਂ?
ਨਾਮ ਦੇ ਜਹਾਜ਼ ਤੇ ਸਵਾਰ ਹੋਣਾ ਪਵੇਗਾ;
'ਸਾਜਨ' ! ਪਰ ਤੇਰਾ ਨਾਮ ਸਿਮਰਨਾ ਹੈ ਕਿਵੇਂ?

ਬੰਦਿਆ, ਉਸ ਮਾਲਕ ਦੇ ਦਰ ਤੇ ਬਹਿ ਜਾ ਆ ਕੇ।
ਭੁੱਲਾਂ ਬਖਸ਼ਾ ਲੈ ਸੱਭ, ਰੋ ਰੋ ਕੇ ਤੇ ਗਿੜ-ਗਿੜਾ ਕੇ।
ਇੱਕ ਗੱਲ ਯਾਦ ਰੱਖੀਂ, ਉਸ ਦਾ ਦਰ ਛੱਡ ਕੇ ਨਾ ਜਾਂਵੀਂ;
'ਸਾਜਨ' ! ਜ਼ਿਹਦ ਹੈ, ਇੱਕ ਦਿਨ ਮਿਲੇਗਾ ਹਾਰ ਪਾ ਕੇ।



www.AKJ.Org

# ਧੁਰ ਕੀ ਬਾਣੀ ਆਈ

ਵਲੋਂ: ਅਜੀਤ ਕੌਰ (ਲੁਧਿਆਣਾ)

ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਦਰਸਾਈ ਬਾਣੀ ਇਲਾਹੀ ਬਾਣੀ ਹੈ, ਧੁਰ ਕੀ ਬਾਣੀ ਹੈ। ਗੁਰੂ ਨਾਨਕ ਦੇਵ ਜੀ ਨੂੰ ਜਦੋਂ ਨਿਰੰਕਾਰ ਵਲੋਂ ਹੁਕਮ ਹੁੰਦਾ ਤਾਂ ਉਹ ਮਰਦਾਨੇ ਨੂੰ ਕਹਿੰਦੇ :-"ਮਰਦਾਨਿਆਂ ਛੇੜ ਰਬਾਬ ਬਾਣੀ ਆਈ ਹੈ।"

ਆਪ ਜੀ ਨੇ ਇਸ ਬਾਰੇ ਕਿਹਾ ਹੈ:-

'ਜੈਸੀ ਮੈ ਆਵੈ ਖਸਮ ਕੀ ਬਾਣੀ ਤੈਸੜਾ ਕਰੀ ਗਿਆਨੁ ਵੇ ਲਾਲੋ ।' (ਪੰਨਾ ੭੨੨)

'ਹਉ ਆਪਹੁ ਬੋਲਿ ਨ ਜਾਣਦਾ ਮੈ ਕਹਿਆ ਸਭੁ ਹੁਕਮਾਉ ਜੀਉ' (ਪੰਨਾ ੭੬੩)

'ਤਾ ਮੈਂ ਕਹਿਆ ਕਹਿਣ ਜਾ ਤੁਝੈ ਕਹਾਇਆ।' (ਪੰਨਾ ੫੬੬)

ਗੁਰੂ ਅਮਰਦਾਸ ਜੀ ਦਾ ਫੁਰਮਾਨ ਹੈ :-

'ਸਬਦੇ ਉਪਜੈ ਅੰਮ੍ਰਿਤ ਬਾਣੀ ਗੁਰਮੁਖਿ ਆਖਿ ਸੁਣਾਵਣਿਆ।' (ਪੰਨਾ ੨੫)

ਗੁਰੂ ਰਾਮਦਾਸ ਜੀ ਦਾ ਕਥਨ ਹੈ :-

'ਜੇਹਾ ਤੂੰ ਕਰਾਇਹਿ ਤੇਹਾ ਹਉ ਕਰੀ ਵਖਿਆਨ।' (ਪੰਨਾ ੭੩੪)

ਪੰਜਵੇਂ ਗੁਰਅਰਜਨ ਦੇਵ ਜੀ ਫੁਰਮਾਉਂਦੇ ਹਨ :-

'ਧੁਰ ਕੀ ਬਾਣੀ ਆਈ ਤਿਨਿ ਸਗਲੀ ਚਿੰਤ ਮਿਟਾਈ (ਪੰਨਾ ੬੨੮)

ਨਾਨਕ ਬੋਲੈ ਤਿਸ ਕਾ ਬੋਲਾਇਆ।' (ਪੰਨਾ ੧੨੭੧)

ਗੁਰੂ ਤੇਗ਼ ਬਹਾਦਰ ਜੀ ਦਾ ਮੁਖਵਾਕ ਹੈ :-

ਜਿਹ ਬਿਧਿ ਗੁਰ ਉਪਦੇਸਿਆ ਸੋ ਸੁਨ ਰੇ ਭਾਈ ।' (ਪੰਨਾ ੭੨੭)

ਸਤਿਗੁਰਾਂ ਦਾ ਸਾਨੂੰ ਇਹ ਉਪਦੇਸ਼ ਹੈ ਕਿ :-

'ਸਤਿਗੁਰ ਕੀ ਬਾਣੀ ਸਤਿ ਸਤਿ ਕਰਿ ਜਾਣਹੁ ਗੁਰਸਿਖਹੁ ਹਰਿ ਕਰਤਾ ਆਪਿ ਮੁਹਹੁ ਕਢਾਏ। (ਪੰਨਾ ੩੦੮)

ਗੁਰਬਾਣੀ ਦੇ ਉਪਰੋਕਤ ਵਾਕਾਂ ਤੋਂ ਸਾਫ਼ ਸਪੱਸ਼ਟ ਹੋ ਜਾਂਦਾ ਹੈ ਕਿ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਬਾਣੀ ਗੁਰ ਕੀ ਬਾਣੀ ਹੈ ਤੇ ਇਸ ਵਿੱਚ ਕਿਸੇ ਪ੍ਰਕਾਰ ਦੀ ਕੋਈ ਮਿਲਾਵਟ ਨਹੀਂ ਹੈ ਤੇ ਇਹ "ਸੱਚਾ-ਗ੍ਰੰਥ ਗੁਰੂ ਗ੍ਰੰਥ ਸਾਹਿਬ ਹੈ।

ਰੱਬ ਨੂੰ ਜਾਣ ਲੈਣਾ ਏਨਾ ਸੌਖਾ ਨਹੀਂ ਜਿੰਨਾ ਔਖਾ ਉਸ ਬਾਰੇ ਦੱਸਣਾ ਤੇ ਸੁਣਾਵਨਾ ਹੈ। ਇਸੇ ਲਈ ਜਿੰਨ੍ਹਾ ਨੇ ਉਸ ਬਾਰੇ ਕੁਝ ਜਾਣ ਲਿਆ ਉਹ ਤਾਂ ਚੁੱਪ ਹੋ ਗਏ ਜਾਂ ਆਪਣੇ ਨਿਕਟ-ਵਰਤੀਆਂ ਨੂੰ ਕੁਝ ਇਸ਼ਾਰੇ ਦੇ ਕੇ ਚਲੇ ਗਏ। ਕਿਸੇ ਨੇ ਵੀ ਧਰਮ-ਗ੍ਰੰਥ ਆਪ ਲਿਖਣ ਦੀ ਕੋਸ਼ਿਸ਼ ਨਹੀਂ ਕੀਤੀ।

ਰੱਬ ਦਾ ਅਨੁਭਵ ਉਦੋਂ ਹੁੰਦਾ ਹੈ ਜਦੋਂ ਕੋਈ ਸਰੀਰ ਤੋਂ ਪਾਰ, ਸਵਾਸਾਂ ਤੋਂ ਪਾਰ ਬੁੱਧੀ ਤੋਂ ਪਰੇ, ਵਿਚਾਰ ਤੋਂ ਪਰੇ ਤੇ ਮਨ ਤੋਂ ਪਰੇ ਦੀ ਅਵਸਥਾ ਤੱਕ ਪਹੁੰਚ ਜਾਂਦਾ ਹੈ। ਉਸ ਨੂੰ ਬ੍ਰਹਮ-ਗਿਆਨ, ਅਨਹਦ-ਨਾਦ ਤੇ ਪਰਮ-ਅਨੰਦ ਉਦੋਂ ਹੁੰਦਾ ਹੈ ਜਦੋਂ ਮਨ ਤੇ ਇੰਦਰੀਆਂ ਹਾਜ਼ਰ ਨਹੀਂ ਹੁੰਦੀਆਂ ਪਰ ਜਦੋਂ ਕੁਝ ਲੋਕਾਂ ਨੂੰ ਦੱਸਣਾ ਪੈਂਦਾ ਹੈ ਤਾਂ ਬੁੱਧੀ, ਮਨ ਤੇ ਇੰਦਰੀਆਂ ਨੂੰ ਹਾਜ਼ਰ ਹੋਣਾ ਪੈਂਦਾ ਹੈ । ਵਾਹਿਗੁਰੂ ਨੂੰ ਅਗਮ-ਅਗੋਚਰ ਕਿਹਾ ਗਿਆ ਹੈ ਤੇ ਉਸਦਾ ਗਿਆਨ, ਇੰਦਰੀਆਂ ਤੋਂ ਪਰੇ ਦਾ ਹੈ ਪਰ ਦੱਸਣਾ ਇੰਦਰੀਆਂ ਰਾਹੀਂ ਹੀ ਹੁੰਦਾ ਹੈ।

ਭਾਰਤੀ ਧਰਮ-ਗ੍ਰੰਥਾਂ ਨੂੰ ਸ਼ਰੁਤੀ-ਸਿਮਰਤੀ ਕਹਿੰਦੇ ਹਨ। ਸ਼ਰੁਤੀ ਤੋਂ ਭਾਵ ਹੈ ਸੁਣਕੇ ਤੇ ਸਿਮਰਤੀ ਤੋਂ ਭਾਵ ਹੈ ਯਾਦ ਕਰਕੇ। ਇਹਨਾ ਗ੍ਰੰਥਾਂ ਦੀ ਭਾਸ਼ਾ ਆਮ ਲੋਕਾਂ ਦੀ ਸਮਝ ਤੋਂ ਪਰੇ ਦੀ ਸੀ ਇਸ ਲਈ ਜੋ ਥੋੜੀ ਬਹੁਤੀ ਸਮਝ ਰਖਦੇ ਸਨ ਉਹਨਾ ਨੇ ਆਪਣੀ ਰੋਜ਼ੀ-ਰੋਟੀ ਤੋਰਨ ਲਈ ਇਸ ਦੀ ਵਰਤੋਂ ਕੀਤੀ।

ਭਾਰਤ ਵਿੱਚ ਹਿੰਦੂ ਮੱਤ ਤੋਂ ਇਲਾਵਾ ਹੋਰ ਵੀ ਕਈ ਮੱਤ ਪ੍ਰਚਲਤ ਹੋਏ। ਜਿਵੇਂ ਜੈਨ-ਮੱਤ ਤੇ ਬੁੱਧ-ਮੱਤ। ਪਰ ਇਹਨਾਂ ਮੱਤਾਂ ਦੇ ਮੋਢੀਆਂ ਨੇ ਆਪਣੀ ਹੱਥੀਂ ਕੋਈ ਗ੍ਰੰਥ ਨਹੀਂ ਸਿਰਜਿਆ। ਇਹਨਾ ਧਰਮਾਂ ਦੇ ਗ੍ਰੰਥ ਬਹੁਤ ਸਮਾਂ ਬਾਅਦ ਇਹਨਾ ਦੇ ਪੈਰੋਕਾਰਾਂ ਦੁਆਰਾ ਰਚੇ ਗਏ। ਇਸੇ ਤਰ੍ਹਾਂ ਇਸਾਈ ਧਰਮ ਦਾ ਗ੍ਰੰਥ


www.AKJ.Org

ਬਾਈਬਲ ਯਹੂਦੀਆਂ ਤੇ ਇਸਾਈਆਂ ਦਾ ਸਾਂਝਾ ਗ੍ਰੰਥ ਹੈ ਜੋ ੬੬ ਪੋਥੀਆਂ ਦਾ ਸੰਗ੍ਰਹਿ ਹੈ ਜੋ 1600 ਸਾਲ ਤੇ ਲੰਬੇ ਅਰਸੇ ਵਿੱਚ ਲਿਖਿਆ ਗਿਆ।

ਈਸਾਂ ਦੇ 600 ਸਾਲ ਬਾਅਦ ਇਸਲਾਮ ਧਰਮ ਹੋਂਦ ਵਿੱਚ ਆਇਆ। ਹਜ਼ਰਤ ਮੁਹੰਮਦ ਨੇ ਆਪ ਕੋਈ ਗ੍ਰੰਥ ਨਹੀਂ ਲਿਖਿਆ। ਉਸ ਦੇ ਮੂੰਹੋਂ ਵੱਖ-ਵੱਖ ਸਥਾਨ ਤੇ ਕਹੀਆਂ ਗਈਆਂ ਆਇਤਾਂ ਨੂੰ ਬਾਅਦ ਵਿੱਚ ਇਕੱਠੀਆਂ ਕਰਕੇ ਕੁਰਾਨ ਦਾ ਨਾਮ ਦਿੱਤਾ ਗਿਆ।

ਉਪਰੋਕਤ ਤੱਥਾਂ ਤੋਂ ਸਪੱਸ਼ਟ ਹੁੰਦਾ ਹੈ ਕਿ ਦੁਨੀਆਂ ਦੇ ਜਿੰਨੇ ਵੀ ਧਰਮ-ਗ੍ਰੰਥ ਹੋਏ ਹਨ ਉਹ ਜਾਣਨ ਵਾਲਿਆਂ ਨੇ ਨਹੀਂ ਲਿਖੇ ਸਗੋਂ ਲਿਖਣ ਦਾ ਕੰਮ ਬਹੁਤ ਸਮਾਂ ਬਾਅਦ ਵਿੱਚ ਹੋਇਆ। ਇਹ ਕੰਮ ਪੁੱਛ-ਪੁੱਛ ਕੇ ਸੁਣ-ਸੁਣ ਕੇ ਤੇ ਸੋਧ-ਸੋਧ ਕੇ ਕੀਤਾ ਗਿਆ। ਮਨੁੱਖ ਦੀ ਕਮਜ਼ੋਰ ਯਾਦ-ਦਾਸਤ, ਪੂਰੀ ਗੱਲ ਨਾ ਸੁਣਨ ਦੀ ਵਾਦੀ ਤੇ ਆਪਣੇ ਕੋਲੋਂ ਕੁਝ ਵਾਧਾ-ਘਾਟਾ ਕਰਨ ਦੀ ਆਦਤ ਦਾ ਸਿੱਟਾ ਹੈ ਕਿ ਧਰਮ-ਗ੍ਰੰਥ ਵਿੱਚ ਉਹ ਕੁਝ ਨਹੀਂ ਜੋ ਕੁਝ ਕਿਹਾ ਗਿਆ ਹੈ ਤੇ ਜੋ ਹੈ ਉਹ ਕਿਹਾ ਨਹੀਂ ਗਿਆ।

ਗੁਰੂ ਨਾਨਕ ਦੇਵ ਜੀ ਨੇ ਇਹਨਾਂ ਸਭ-ਧਰਮਾਂ ਦਾ ਅਧਿਅਨ ਕੀਤਾ ਤੇ ਇਹਨਾ ਦੇ ਮੰਨਣ ਵਾਲਿਆਂ ਦੀ ਅਗਿਆਨਤਾ ਤੇ ਫੁੱਟ ਵੀ ਗੁਰੂ ਜੀ ਦੇ ਸਾਮ੍ਹਣੇ ਸੀ। ਗੁਰੂ ਜੀ ਨੇ ਆਪਣੀ ਬਾਣੀ ਲਿਖਣ ਦਾ ਨਿਰਣੈ ਲਿਆ। ਇਹ ਕੰਮ ਉਹਨਾਂ ਨੇ ਸੁਣਨ ਵਾਲਿਆਂ ਤੇ ਨਹੀਂ ਛੱਡਿਆ। ਇਸ ਮਨੋਰਥ ਦੀ ਪੂਰਤੀ ਲਈ ਆਪ ਬਾਣੀ ਲਿਖਕੇ ਪੋਥੀ ਦੇ ਰੂਪ ਵਿੱਚ ਸੰਭਾਲਦੇ ਗਏ। ਇਸੇ ਤਰ੍ਹਾਂ ਬਾਕੀ ਗੁਰੂਆਂ ਨੇ ਵੀ ਪੋਥੀਆਂ ਵਿੱਚ ਆਪਣੀ ਬਾਣੀ ਸੰਭਾਲੀ ਤੇ ਗੁਰੂ ਅਰਜਨ ਦੇਵ ਜੀ ਦੇ ਸਮੇਂ ਤੱਕ ਇਹਨਾ ਪੋਥੀਆਂ ਦਾ ਸੰਗ੍ਰਹਿ ਕਾਫ਼ੀ ਹੋ ਚੁੱਕਾ ਸੀ ਤੇ ਇਹਨਾਂ ਨੂੰ ਤਰਤੀਬ ਦੇਣ ਦੀ ਲੋੜ ਸੀ। ਵੱਖ-ਵੱਖ ਪੋਥੀਆਂ ਨੂੰ ਸੰਭਾਲਣਾ ਔਖਾ ਸੀ ਤੇ ਇਸ ਵਿੱਚ ਮਿਲਾਵਟ ਹੋਣ ਦਾ ਵੀ ਡਰ ਸੀ। ਗੁਰੂ ਅਰਜਨ ਦੇਵ ਦੇ ਸਮੇਂ ਤੱਕ ਗੁਰੂ ਨਾਨਕ-ਦੇਵ ਜੀ ਦੇ ਨਾਂ ਥੱਲੇ ਕਈਆਂ ਨੇ ਕੱਚੀ ਬਾਣੀ ਲਿਖਣੀ ਅਰੰਭ ਕਰ ਦਿੱਤੀ ਸੀ। ਸੋ ਗੁਰੂ ਅਰਜਨ ਦੇਵ ਜੀ ਨੇ ਬਾਣੀ ਨੂੰ ਸੰਭਾਲਣ ਦਾ ਕੰਮ ਅਰੰਭਿਆ। ਉਹਨਾ ਨੇ ਬੜੀ ਅਣਥੱਕ ਮਿਹਨਤ ਤੇ ਲਗਨ ਨਾਲ ਇਸ ਕੰਮ ਨੂੰ ਸਿਰੇ ਚੜ੍ਹਾਇਆ। ਸਾਰੀ ਬਾਣੀ ਨੂੰ ਰਾਗਾਂ ਵਿੱਚ ਲਿਖਿਆ। ਇਹ ਬਾਣੀ ਸਾਡੇ ਤੱਕ ਸ਼ੁਧ ਰੂਪ ਵਿੱਚ ਆਈ ਹੈ ਤੇ ਸ਼ੁਧ ਰੂਪ ਵਿੱਚ ਸੁਰੱਖਿਅਤ ਹੈ। ਦੁਨੀਆਂ ਦਾ ਇਹ ਇਕੋ-ਇਕ ਧਰਮ-ਗ੍ਰੰਥ ਹੈ ਜੋ ਜਾਣਨ ਵਾਲਿਆਂ ਦਾ ਆਪਣਾ ਲਿਖਿਆ ਹੋਇਆ ਹੈ।

ਇਸ ਧੁਰ ਕੀ ਬਾਣੀ ਦਾ ਸੰਦੇਸ਼ ਸਰਬ-ਦੇਸ਼ੀ ਤੇ ਸਰਬ-ਕਾਲੀ ਹੈ। ਇਸ ਦਾ ਆਸ਼ਾ ਸੱਚਾ ਤੇ ਉਪਦੇਸ਼-ਸੱਚਾ ਹੈ। ਇਹ ਸੱਚ ਤੇ ਅਧਾਰਤ ਹੈ। ਸੱਚ ਕਦੇ ਵੀ ਪੁਰਾਣਾ ਨਹੀਂ ਹੁੰਦਾ ਤੇ ਨਾ ਹੀ ਮੈਲਾ ਹੁੰਦਾ ਹੈ। ਇਸੇ ਲਈ ਸੱਚ-ਪ੍ਰਮਾਤਮਾਂ ਹੈ ਤੇ ਪ੍ਰਮਾਤਮਾ ਸੱਚ ਹੈ। ਇਸੇ ਲਈ ਸਤਿਗੁਰੂ ਜੀ ਸਦੀਵੀ ਤੇ ਅਟੱਲ ਸਿਧਾਂ ਦੀ ਗੱਲ ਕਰਦੇ ਹਨ। ਹੇਠਾਂ ਅੰਕਤ ਕੁਝ ਗੁਰ-ਵਾਕਾਂ ਵਿੱਚ ਸਤਿਗੁਰਾਂ ਨੇ ਜੋ ਗੱਲਾ ਕਹੀਆਂ ਹਨ ਉਹ ਤ੍ਰੈਕਾਲ ਸਤਿ ਹਨ :- ਜਿਵੇਂ ਕਿ

- ਕੂੜੁ ਨਿਖੁਟੇ ਨਾਨਕਾ ਓੜਕਿ ਸਚਿ ਰਹੀ (ਪੰਨਾ ੯੫੩)
- ਸੰਸਾਰ ਰੋਗੀ ਨਾਮ-ਦਾਰੂ ਮੈਲ ਲਾਗੈ ਸਚੁ ਬਿਨਾ (ਪੰਨਾ ੬੮੭)
- ਮਿਠਤੁ ਨੀਵੀ ਨਾਨਕਾ ਗੁਣ ਚੰਗਿਆਈਆਂ ਤਤੁ (ਪੰਨਾ ੪੭੦)
- ਨਾਨਕ ਫਿਕੈ ਬੋਲੀਐ ਤਨੁ ਮਨੁ ਫਿਕਾ ਹੋਇ (ਪੰਨਾ ੪੭੩)
- ਪੜਿਆ ਮੂਰਖ ਆਖੀਐ ਜਿਸ ਲਬ ਲੋਭ ਅਹੰਕਾਰਾ (ਪੰਨਾ ੭੪੦)
- ਸਚਹੁ ਓਰੈ ਸਭੁ ਕੋ ਉਪਰਿ ਸਚੁ ਆਚਾਰੁ (ਪੰਨਾ ੬੨)

ਗੁਰੂ ਨਾਨਕ ਦੇਵ ਜੀ ਨੂੰ ਜਗਤ-ਗੁਰੂ ਮੰਨਿਆ ਗਿਆ ਹੈ। ਉਹਨਾ ਵਲੋਂ ਚਲਾਏ ਗਏ ਨਿਰਮਲ-ਧਰਮ ਤੇ ਗੁਰੂ ਸਾਹਿਬਾਂ ਵਲੋਂ ਰਚੀ ਗਈ ਧੁਰ ਕੀ ਬਾਣੀ ਦੀਆਂ ਅਟੱਲ ਸਚਾਈਆਂ ਨੂੰ ਸੰਸਾਰ ਦੇ ਲੋਕ ਜਿੰਨੀ ਛੇਤੀ ਮਾਨਵ ਤੇ ਵਿਸ਼ਵ-ਏਕਤਾ ਲਈ ਅਪਨਾ ਲੈਣਗੇ ਉਨੀ ਛੇਤੀ ਹੀ ਸੱਚ ਦੀ ਅਣਹੋਂਦ ਤੇ ਅਵਿਸ਼ਵਾਸ ਤੋਂ ਪੈਦਾ ਹੋਏ ਮਤ-ਭੇਦਾਂ ਨੂੰ ਮਿਟਾ ਕੇ ਸਾਰਾ ਸੰਸਾਰ ਪ੍ਰਸਪਰ-ਪਿਆਰਾਂ ਤੇ ਨਿੱਘੇ ਰਾਹਾਂ ਤੇ ਤੁਰ ਕੇ, ਵਿਸ਼ਵ-ਸ਼ਾਂਤੀ ਤੇ ਖੁਸ਼ਹਾਲੀ ਨੂੰ ਪ੍ਰਾਪਤ ਕਰ ਸਕੇਗਾ।


www.AKJ.Org

ਸਭ ਤੋਂ ਵਧ ਬਾਣੀ ਇਸ ਰਾਗ ਵਿਚ ਉਚਾਰੀ ਗਈ ਹੈ। ਕਾਰਨ ਸ਼ਾਇਦ ਇਹੀ ਹੈ ਕਿ ਇਹ ਰਾਗ ਗੰਭੀਰ ਪਰਕਾਰ ਦਾ ਰਾਗ ਹੈ ਇਸ ਲਈ ਗੰਭੀਰ ਵਿਸ਼ੇ ਇਸੇ ਵਿਚ ਹੀ ਗਾਏ ਗਏ ਹਨ। ਗੁਰੂ ਗ੍ਰੰਥ ਸਾਹਿਬ ਵਿਚ ਅੰਕਤ ਬਾਣੀ ਮਨੁਖੀ ਮਨ ਨੂੰ ਵਿਸ਼ੇ ਵਿਕਾਰਾਂ ਵਿਚੋਂ ਕਢ ਕੇ ਉਸ ਨੂੰ ਜੋਤ ਸਰੂਪ ਬਣਾਉਣ ਦਾ ਉਪਰਾਲਾ ਕਰਦੀ ਹੈ ਇਸ ਲਈ ਇਹ ਕਾਰਜ ਕਠਨ ਹੈ, ਗੰਭੀਰ ਹੈ ਤੇ ਸੰਜੀਦਗੀ ਤੇ ਅਧਾਰਤ ਹੈ। ਗਉੜੀ ਰਾਗ ਤੇ ਬਾਰਾਂ ਵੰਨਗੀ ਰੂਪਾਂ ਵਿਚ ਬਾਣੀ ਗੁਰੂ ਗ੍ਰੰਥ ਸਾਹਿਬ ਵਿਚ ਮਿਲਦੀ ਹੈ ਜਿਵੇਂ ਗਉੜੀ ਗੁਆਰੇਰੀ, ਗਉੜੀ ਚੇਤੀ, ਗਉੜੀ ਬੈਰਾਗਣਿ, ਗਉੜੀ ਪੂਰਬੀ, ਗਉੜੀ ਦੀਪਕੀ, ਗਉੜੀ ਮਾਝ ਆਦਿ ਆਦਿ

ਵਨੰਗੀ

ਤੂੰ ਮੇਰਾ ਬਹੁ ਮਾਣ ਕਰਤੇ ਤੂੰ ਮੇਰਾ ਬਹੁ ਮਾਣੁ ਜੋਰਿ
ਤੁਮਾਰੈ ਸੁਖਿ ਵਸਾ ਸਚੁ ਸਬਦੁ ਨੀਸਾਣੁ ...ਪੰਨਾ 217

4. ਰਾਗੁ ਆਸਾ ਪੰਨਾ 8 ਤੋਂ 12 ਤਕ ਤੇ 347 ਤੋਂ 488 ਤਕ

ਇਹ ਆਸਾ ਭਰਪੂਰ ਰਾਗ ਹੈ ਜੋ ਸਰਘੀ ਵੇਲੇ ਗਾਇਆ ਜਾਂਦਾ ਹੈ ਜਦ ਸਾਰੀ ਕਾਇਨਾਤ ਵਿਸਮਾਦੀ ਅਨੰਦ ਵਿਚ ਅੰਮ੍ਰਿਤ ਵੇਲੇ ਦਾ ਸਵਾਦ ਚਖਦੀ ਝੂਮਦੀ ਹੈ। ਇਸੇ ਤਰ੍ਹਾਂ ਸੂਰਜ ਨਿੰਮ੍ਹਾ ਹੋਣ ਸਮੇਂ ਵੀ ਇਸ ਨੂੰ ਗਾ ਕੇ ਆਤਮਾ ਤਰਿਪਤ ਕੀਤੀ ਜਾਂਦੀ ਹੈ। ਗੁਰੂ ਨਾਨਕ ਦੇਵ ਜੀ, ਗੁਰੂ ਅੰਗਦ ਦੇਵ ਜੀ, ਗੁਰੂ ਅਮਰਦਾਸ ਜੀ, ਗੁਰੂ ਰਾਮਦਾਸ ਜੀ, ਗੁਰੂ ਅਰਜਨ ਦੇਵ ਜੀ, ਗੁਰੂ ਤੇਗ ਬਹਾਦਰ ਸਾਹਿਬ ਜੀ ਤੋਂ ਇਲਾਵਾ ਭਗਤ ਕਬੀਰ ਜੀ, ਨਾਮਦੇਵ ਜੀ, ਰਵਿਦਾਸ ਜੀ, ਧੰਨਾ ਜੀ, ਬਾਬਾ ਫਰੀਦ ਜੀ ਨੇ ਨੇ ਇਸ ਰਾਗ ਨੂੰ ਮਾਣ ਬਖਸ਼ਿਆ ਹੈ ਅਤੇ ਆਪਣਾ ਅਲਾਹੀ ਕਲਾਮ ਇਸ ਵਿਚ ਗਾਇਆ ਹੈ।

ਵਨੰਗੀ

ਜਿਸੁ ਨੀਚ ਕਉ ਕੋਈ ਨ ਜਾਨੈ ਨਾਮੁ ਜਪਤ ਉਹੁ ਚਹੁ ਕੁੰਟ ਮਾਨੈ
ਦਰਸਨੁ ਮਾਗਉ ਦੇਹਿ ਪਿਆਰੇ ਤੁਮਰੀ ਸੇਵਾ ਕਉਨ ਕਉਨ ਨ ਤਾਰੇ-ਰਹਾਉ .... ਪੰਨਾ 386

5. ਰਾਗੁ ਗੂਜਰੀ ਪੰਨਾ· 489 ਤੋਂ 526 ਤਕ

"ਗੂਜਰੀ ਜਾਤਿ ਗਵਾਰਿ ਜਾ ਸਹੁ ਪਾਏ ਆਪਣਾ
ਗੁਰ ਕੈ ਸਬਦਿ ਵੀਚਾਰਿ ਅਨਦਿਨੁ ਹਰਿ ਜਪੁ ਜਾਪਣਾ" ਮ-3 ਪੰਨਾ 516

ਦੁਪਹਿਰ ਵੇਲੇ ਗਾਉਣ ਵਾਲਾ ਇਹ ਰਾਗ ਕਾਫ਼ੀ ਲੋਕ ਪ੍ਰੀਐ ਤੇ ਪੁਰਾਣਾ ਰਾਗ ਹੈ ਜੋ ਉਤਰ ਤੇ ਮਧ ਭਾਰਤ ਵਿਚ ਬਹੁਤ ਵਧੇਰੇ ਹਰਮਨ ਪਿਆਰਾ ਹੋਣ ਕਾਰਨ ਗਾਇਆ ਜਾਂਦਾ ਹੈ।

ਵੰਨਗੀ

ਹਰਿ ਕੇ ਜਨ ਸਤਿਗੁਰ ਸਤਪੁਰਖਾ ਹਉ ਬਿਨਉ ਕਰਉ ਗੁਰ ਪਾਸਿ
ਹਮ ਕੀਰੇ ਕਿਰਮ ਸਤਿਗੁਰ ਸਰਣਾਈ ਕਰਿ ਦਿਆ ਨਾਮੁ ਪਰਗਾਸਿ ਪੰਨਾ - 492

6. ਰਾਗੁ ਦੇਵ ਗੰਧਾਰੀ ਪੰਨਾ 527 ਤੋਂ 536 ਤਕ

ਗੁਰੂ ਗ੍ਰੰਥ ਸਾਹਿਬ ਵਿਚ ਬਹੁਤ ਥੋੜੀ ਬਾਣੀ ਰਾਗੁ ਦੇਵ ਗੰਧਾਰੀ ਵਿਚ ਲਿਖੀ ਮਿਲਦੀ ਹੈ। ਇਸ ਦੇ ਗਾਉਣ ਦਾ ਸਮਾਂ ਚਾਰ ਘੜੀ ਦਿਨ ਚੜ੍ਹੇ ਹੈ ਭਾਵ ਦਿਨ ਦਾ ਦੂਜਾ ਪਹਿਰ। ਭਾਈ ਕਾਹਨ ਸਿੰਘ ਨਾਭਾ ਅਨੁਸਾਰ ਇਹ ਬਿਲਾਵਲ ਠਾਟ ਦੀ ਸੰਪੂਰਨ ਰਾਗਿਨੀ ਹੈ। ਇਸ ਵਿਚ ਸਾਰੇ ਸ਼ੁਧ ਸੁਰ ਹਨ। ਗੁਰੂ ਗ੍ਰੰਥ ਸਾਹਿਬ ਵਿਚ ਦਰਜ ਇਕ ਸ਼ਬਦ ਰਾਗ ਦੇਵ ਗੰਧਾਰ ਵਿਚ ਵੀ ਗਾਇਆ ਗਿਆ ਹੈ।

ਵਨੰਗੀ

ਅੰਮ੍ਰਿਤਾ ਪ੍ਰਿਅ ਬਚਨ ਤੁਹਾਰੇ ਅਤਿ ਸੁੰਦਰ ਮਨ ਮੋਹਨ ਪਿਆਰੇ ਸਭਹੂ ਮਧਿ ਨਿਰਾਰੇ॥ ਰਹਾਉ
ਰਾਜੁ ਨ ਚਾਹਉ ਮੁਕਤਿ ਨ ਚਾਹਉ ਮਨਿ ਪ੍ਰੀਤਿ ਚਰਨ ਕਮਲਾ ਰੇ ........ ਪੰਨਾ 534

7. ਰਾਗੁ ਬਿਹਾਗੜਾ 537 ਤੋਂ 547 ਤਕ ਤੇ ਬਿਹਾਗੜੇ ਕੀ ਵਾਰ 548 ਤੋਂ 556 ਤਕ



www.AKJ.Org

ਅਧੀ ਰਾਤ ਦੇ ਸ਼ਾਂਤ ਤੇ ਚੁਪ ਚਾਪ ਵਾਤਾਵਰਣ ਵਿਚ ਇਹ ਰਾਗ ਗਾਇਆ ਜਾਦਾ ਹੈ। ਇਹ ਬੜਾ ਮਧੁਰ ਤੇ ਪ੍ਰਭਾਵ ਪਾਉਣ ਵਾਲਾ ਮਹਤਵਪੂਰਣ ਰਾਗ ਹੈ ਜੋ ਰਾਤ ਨੂੰ ਜੁਦਾਈ ਤੇ ਵਿਯੋਗ ਦਾ ਅਹਿਸਾਸ ਕਰਵਾਉਦਾ ਹੋਇਆ ਪ੍ਰਭੂ ਮਿਲਾਪ ਦੀ ਸਿਕ ਪੈਦਾ ਕਰਦਾ ਹੈ। ਇਹ ਬਿਲਾਵਲ ਠਾਟ ਦਾ ਸੰਪੂਰਣ ਰਾਗ ਹੈ।

ਵਨੰਗੀ

ਅਤਿ ਪ੍ਰੀਤਮ ਮਨ ਮੋਹਨਾ ਘਟ ਸੋਹਨਾ ਪ੍ਰਾਨ ਅਧਾਰਾ ਰਾਮ
ਸੁੰਦਰ ਸੋਭਾ ਲਾਲ ਗੋਪਾਲ ਦਇਆਲ ਕੀ ਅਪਰ ਅਪਾਰਾ ਰਾਮ
ਗੋਪਾਲ ਦਇਆਲ ਗੋਬਿੰਦ ਲਾਲਨ ਮਿਲਹੁ ਕੰਤ ਨਿਮਾਣੀਆ
ਨੈਨ ਤਰਸਨ ਦਰਸ ਪਰਸਨ ਨਹ ਨੀਦ ਰੈਣਿ ਵਿਹਾਣੀਆ
ਗਿਆਨ ਅੰਜਨ ਨਾਮ ਬਿੰਜਨ ਭਏ ਸਗਲ ਸੀਗਾਰਾ
ਨਾਨਕੁ ਪਇਅੰਪੈ ਸੰਤ ਜੰਪੈ ਮੇਲਿ ਕੰਤੁ ਹਮਾਰਾ ...... ਪੰਨਾ- 542

8. ਰਾਗੁ ਵਡਹੰਸੁ 557 ਤੋਂ 585 ਤਕ ਤੇ ਵਡ ਹੰਸ ਕੀ ਵਾਰ ਪੰਨਾ 585 ਤੋਂ 594 ਤਕ

"ਸਬਦਿ ਰਤੇ ਵਡਹੰਸ ਹੈ ਸਚੁ ਨਾਮ ਉਰਿਧਾਰਿ
ਸਚੁ ਸੰਗ੍ਰਹਹਿ ਸਦ ਸਚਿ ਰਹਹਿ ਸਚੈ ਨਾਮਿ ਪਿਆਰਿ"

ਗੁਰੂ ਗ੍ਰੰਥ ਸਾਹਿਬ ਵਿਚ ਇਹ ਅਠਵਾਂ ਰਾਗ ਹੈ ਜੋ ਦੁਪਹਿਰ ਵੇਲੇ ਜਾਂ ਅਧੀ ਰਾਤ ਵੇਲੇ ਗਾਇਆ ਜਾਂਦਾ ਹੈ। ਖੁਸ਼ੀ ਦੀਆਂ ਘੋੜੀਆਂ ਤੇ ਦੁਖਾਂ ਭਰੀਆਂ ਅਲਾਹੁਣੀਆਂ ਆਦਿ ਇਸੀ ਰਾਗ ਵਿਚ ਗਾਉਣੀਆਂ ਮਖਸੂਸ ਕੀਤੀਆਂ ਗਈਆਂ ਹਨ। ਵਡਹੰਸ ਰਾਗ ਦੇ ਨਾਲ ਨਾਲ ਵਡਹੰਸ ਦਖਣੀ ਦਾ ਰੂਪ ਵੀ ਗੁਰੂ ਗ੍ਰੰਥ ਸਾਹਿਬ ਵਿਚ ਉਪਲਬਧ ਹੈ। ਵਡਹੰਸ ਕਮਾਚ ਠਾਟ ਦਾ ਸੰਪੂਰਣ ਰਾਗ ਹੈ। ਸੰਸਕ੍ਰਿਤ ਗ੍ਰੰਥਾਂ ਵਿਚ ਇਸ ਰਾਗ ਦਾ ਨਾਂ ਵਡ ਹੰਸਿਕਾ ਲਿਖਿਆ ਗਿਆ ਹੈ ਤੇ ਇਸ ਨੂੰ ਰਾਗ ਦੀ ਥਾਂ ਰਾਗਿਣੀ ਮੰਨਿਆ ਗਿਆ ਹੈ।

ਵਨੰਗੀ

ਸੇਵਕ ਕੀ ਅਰਦਾਸਿ ਪਿਆਰੇ ਜਪਿ ਜੀਵਾ ਪ੍ਰਭ ਚਰਣ ਤੁਮਾਰੇ- ਰਹਾਉ
ਦਇਆਲ ਪੁਰਖ ਮੇਰੇ ਪ੍ਰਭ ਦਾਤੇ ਜਿਸਹਿ ਜਨਾਵਹੁ ਤਿਹਨਿ ਤੁਮ ਜਾਤੇ
ਸਦਾ ਸਦਾ ਜਾਈ ਬਲਿਹਾਰੀ ਇਤ ਉਤ ਦੇਖਹੁ ਓਟ ਤੁਮਾਰੀ
ਮੋਹਿ ਨਿਰਗੁਣ ਗੁਣੂ ਕਿਛੂ ਨ ਜਾਤਾ ਨਾਨਕ ਸਾਧੂ ਦੇਖਿ ਮਨੁ ਰਾਤਾ ਪੰਨਾ- 563
ਵਨੰਗੀ ਵਡਹੰਸੁ ਦਖਣੀ ਸਚੁ ਸਿਰੰਦਾ ਸਚਾ ਜਾਣੀਐ ਸਚੜਾ ਪਰਵਦਗਾਰੋ
ਜਿਨਿ ਆਪੀਐ ਆਪੁ ਸਾਜਿਆ ਸਚੜਾ ਅਲਖ ਅਪਾਰੋ ...... ਪੰਨਾ - 580

9. ਰਾਗੁ ਸੋਰਠਿ ਪੰਨਾ – 595 ਤੋਂ 659 ਤਕ

"ਸੋਰਠਿ ਸਦਾ ਸੁਹਾਵਣੀ ਜੇ ਸਚਾ ਮਨਿ ਹੋਇ ਦੰਦੀ ਮੈਲੁ ਨ ਕਤੁ ਮਨਿ ਜੀਭੈ ਸਚਾ ਸੋਇ"
(ਪੰਨਾ - 642)

ਸੋਰਠ ਰਾਗ ਦੇ ਪੰਚਮ ਪਿਤਾ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸ਼ਬਦ ਜੋ ਪੰਨਾ 610 ਤੋਂ 630 ਤਕ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹਨ ਬਹੁਤ ਸਰਲ, ਸਿਖਿਆਦਾਇਕ ਤੇ ਸ਼ਰਧਾਮਈ ਹੋਣ ਕਾਰਨ ਗੁਰਬਾਣੀ ਪ੍ਰੇਮੀਆਂ ਨੂੰ ਕੰਠ ਜਹੇ ਹੋ ਗਏ ਹਨ। ਉਂਜ ਵੀ ਇਹ ਰਾਗ ਖੁਦ ਬੜਾ ਮਨਮੋਹਣਾ ਤੇ ਸਾਦਾ ਹੈ ਇਸ ਲਈ ਇਸ ਦੀ ਗਾਇਕੀ ਨਾਲ ਸੁਹਾਵਣਾ ਰੰਗ ਬਝ ਜਾਂਦਾ ਹੈ। ਇਹ ਰਾਗ ਆਮ ਕਰਕੇ ਰਾਤ ਦੇ ਸਨਾਟੇ ਵਿੱਚ ਅਧੀ ਰਾਤ ਸਮੇਂ ਗਾਇਆ ਜਾਂਦਾ ਹੈ।

ਵਨੰਗੀ

ਹਰਿ ਮਨਿ ਤਨਿ ਵਸਿਆ ਸੋਈ ਜੈ ਜੈ ਕਾਰੁ ਕਰੇ ਸਭੁ ਕੋਈ
ਗੁਰੂ ਪੂਰੇ ਕੀ ਵਡਿਆਈ ਤਾ ਕਾ ਕੀਮਤਿ ਕਹੀ ਨ ਜਾਈ


www.AKJ.Org

ਹਉ ਕੁਰਬਾਨੁ ਜਾਈ ਤੇਰੇ ਨਾਵੈ ਜਿਸ ਨੋ ਬਖਸਿ ਲੈਹਿ
ਮੇਰੇ ਪਿਆਰੇ ਸੋ ਜਸੁ ਤੇਰਾ ਗਾਵੈ ..... (ਪੰਨਾ- ੬੨੧)

10. ਰਾਗੁ ਧਨਾਸਰੀ ੬੬੦ ਤੋਂ ੬੧੫

''ਧਨਾਸਰੀ ਧਨਵੰਤੀ ਜਾਣੀਐ ਭਾਈ ਜਾ ਸਤਿਗੁਰ ਕੀ ਕਾਰ ਕਮਾਇ'' (ਪੰਨਾ-1419)

ਅਕਾਲ ਪੁਰਖ ਦੀ ਆਰਤੀ ਕਰਨ ਲਈ ਗਾਇਆ ਗਿਆ ਗੁਰੂ ਨਾਨਕ ਦੇਵ ਜੀ ਦਾ ਵਿਸ਼ਵ ਪਰਸਿਧ ਸ਼ਬਦ ''ਗਗਨ ਮੈ ਥਾਲੁ ...........'' ਰਾਗ ਧਨਾਸਰੀ ਵਿਚ ਹੀ ਗਾਇਆ ਗਿਆ ਹੈ। ਬਾਕੀ ਭਗਤਾਂ ਦੇ ਆਰਤੀ ਦੇ ਸ਼ਬਦ ਵੀ ਇਸੇ ਰਾਗ ਵਿਚ ਹਨ। ਇਹ ਧੰਨਵਾਨ ਰਾਗ ਹੈ ਜਿਸ ਨੂੰ ਸੁਚੀਆਂ ਆਤਮਾਵਾਂ ਨੇ ਅਕਾਲ ਪੁਰਖ ਦੀ ਧੰਨਤਾ ਲਈ ਪ੍ਰਯੋਗ ਵਿਚ ਲਿਆਂਦਾ ਹੈ ਭਾਵੇਂ ਰਾਜੇ ਮਹਾਰਾਜਿਆਂ ਲਈ ਇਹ ਐਸ਼, ਅਨੰਦ ਦਾ ਰਾਗ ਹੈ ਜੋ ਸ਼ਾਮ ਵੇਲੇ ਗਾਇਆ ਜਾਂਦਾ ਹੈ।

ਵੰਨਗੀ

ਇਹੁ ਧਨੁ ਅਖੁਟੁ ਨ ਨਿਖੁਟੈ ਨ ਜਾਇ ਪੂਰੈ ਸਤਿਗੁਰਿ ਦੀਆ ਦਿਖਾਇ
ਅਪੁਨੇ ਸਤਿਗੁਰ ਕਉ ਸਦ ਬਲਿ ਜਾਈ ਗੁਰ ਕਿਰਪਾ ਤੇ ਹਰਿ ਮੰਨਿ ਵਸਾਈ
ਸੇ ਧੰਨਵਤ ਹਰਿ ਨਾਮਿ ਲਿਵ ਲਾਇ ਗੁਰਿ ਪੂਰੈ ਹਰਿ ਧਨੁ ਪਰਗਾਸਿਆ
ਹਰਿ ਕਿਰਪਾ ਤੇ ਵਸੈ ਮਨਿ ਆਇ– ਰਹਾਉ (ਪੰਨਾ ੬੬੩)

11. ਰਾਗੁ ਜੈਤਸਰੀ ਪੰਨਾ ੬੯੬ ਤੋਂ 710 ਤਕ

ਭਾਈ ਕਾਹਨ ਸਿੰਘ ਨਾਭਾ ਨੇ ਮਹਾਨ ਕੋਸ਼ ਵਿਚ ਇਸ ਰਾਗ ਦੇ ਸੰਸਕ੍ਰਿਤ ਲਿਖਤਾਂ ਵਿਚ ਜੈ ਸ੍ਰੀ, ਜੈਤਸਿਰੀ, ਜਯਤਿਸ੍ਰੀ ਆਦਿ ਨਾਂਵਾਂ ਦਾ ਵਰਨਣ ਕੀਤਾ ਹੈ। ਗੁਰੂ ਗ੍ਰੰਥ ਸਾਹਿਬ ਵਿਚ ਇਸ ਰਾਗ ਨੂੰ ਜੈਤਸਰੀ ਲਿਖਿਆ ਗਿਆ ਹੈ। ਗੁਰੂ ਸਾਹਿਬਾਨ ਵਿਚੋਂ ਗੁਰੂ ਰਾਮਦਾਸ ਜੀ ਅਤੇ ਗੁਰੂ ਅਰਜਨ ਦੇਵ ਜੀ ਨੇ ਇਸ ਵਿਚ ਬਾਣੀ ਉਚਾਰੀ ਹੈ। ਦਿਨ ਦੇ ਚੌਥੇ ਪਹਿਰ ਸਮੇਂ ਗਾਏ ਜਾਣ ਵਾਲਾ ਇਹ ਰਾਗ ਸੁਖਤ ਪ੍ਰਭਾਵ ਉਜਾਗਰ ਕਰਦਾ ਹੈ ਤੇ ਮਨ ਨੂੰ ਖੇੜਾ ਪ੍ਰਦਾਨ ਕਰਦਾ ਹੈ।

ਵਨੰਗੀ

ਮੇਰੈ ਹੀਅਰੈ ਰਤਨੁ ਨਾਮੁ ਹਰਿ ਬਸਿਆ ਗੁਰਿ ਹਾਥੁ ਧਰਿਓ ਮੇਰੈ ਮਾਥਾ
ਜਨਮ ਜਨਮ ਕੇ ਕਿਲਬਿਖ ਦੁਖ ਉਤਰੇ ਗੁਰਿ ਨਾਮ ਦੀਓ ਰਿਨੁ ਲਾਥਾ
ਮੇਰੇ ਮਨ ਭਜੁ ਰਾਮ ਨਾਮੁ ਸਭਿ ਅਰਥਾ ਗੁਰਿ ਪੂਰੈ ਹਰਿ ਨਾਮੁ ਦ੍ਰਿੜਾਇਆ
ਬਿਨੁ ਨਾਵੈ ਜੀਵਨੁ ਬਿਰਥਾ – ਰਹਾਉ (ਪੰਨਾ ੬੯੬)

12. ਰਾਗੁ ਟੋਡੀ ਪੰਨਾ 711 ਤੋਂ 718 ਤਕ)

ਟੋਡੀ ਰਾਗ ਬਹੁਤ ਹੀ ਪਰਚਲਤ ਰਾਗ ਹੈ ਜੋ ਰਾਜ ਦਰਬਾਰਾਂ ਵਿਚ ਬਹੁਤ ਮਕਬੂਲ ਸੀ। ਗਾਇਕ ਇਸ ਰਾਗ ਦੀ ਮਦਦ ਨਾਲ ਰਾਜਿਆਂ ਮਹਾਰਾਜਿਆਂ ਦੀ ਉਸਤਤ ਕਰ ਕੇ ਬਹੁਤ ਦੌਲਤਾਂ ਪ੍ਰਾਪਤ ਕਰਦੇ ਸਨ। ਗੁਰੂ ਗ੍ਰੰਥ ਸਾਹਿਬ ਵਿਚ ਇਸ ਰਾਗ ਨੂੰ ਅਕਾਲ ਉਸਤਤ ਵਿਚ ਵਰਤਿਆ ਗਿਆ ਹੈ ਜਿਵੇਂ ''ਹਰਿ ਬਿਨ ਰਹਿ ਨ ਸਕੈ ਮਨੁ ਮੇਰਾ'' ਜਾਂ ''ਮਾਗਉ ਦਾਨੁ ਠਾਕੁਰ ਨਾਮ'' ਜਾਂ ਫਿਰ ਪ੍ਰਭ ਜੀ ਕੋ ਨਾਮੁ ਮਨਹਿ ਸਾਧਾਰੈ, ਜੀਅ ਪ੍ਰਾਨ ਸੂਖ ਇਸੁ ਮਨ ਕਉ ਬਰਤਨਿ ਏਹ ਹਮਾਰੈ''। ਇਸ ਰਾਗ ਨੂੰ ਆਮ ਕਰ ਕੇ ਦਿਨ ਦੇ ਦੂਜੇ ਪਹਿਰ ਵਿਚ ਗਾਇਆ ਜਾਂਦਾ ਹੈ।

ਵਨੰਗੀ

ਹਰਿ ਬਿਸਰਤ ਸਦਾ ਖੁਆਰੀ ਤਾ ਕਉ ਧੋਖਾ ਕਹਾ ਬਿਆਪੈ ਜਾ ਕਉ ਓਟ ਤੁਹਾਰੀ– ਰਹਾਉ
ਪੰਨਾ – 712


www.AKJ.Org

13. ਰਾਗ ਬੈਰਾੜੀ 719 ਤੋਂ 720 ਤਕ

ਇਹ ਰਾਗ ਬਹੁਤ ਪਚੀਦਾ ਤੇ ਅਪਰਚਲਤ ਹੈ। ਗੁਰੂ ਗ੍ਰੰਥ ਸਾਹਿਬ ਵਿਚ ਰਾਗ ਦੀ ਸਭ ਤੋਂ ਘਟ ਵਰਤੋਂ ਕੀਤੀ ਗਈ ਹੈ। ਗੁਰੂ ਰਾਮ ਦਾਸ ਜੀ ਨੇ ਇਸ ਵਿਚ ਛੇ ਸ਼ਬਦ ਅਤੇ ਗੁਰੂ ਅਰਜਨ ਦੇਵ ਜੀ ਨੇ ਕੇਵਲ ਇਕ ਸ਼ਬਦ ਰਚਿਆ ਹੈ। ਦਿਨ ਦੀ ਸਮਾਪਤੀ ਤੇ ਰਾਤਰੀ ਦੇ ਪ੍ਰਾਰੰਭ ਸਮੇਂ ਇਸ ਦੇ ਗਾਇਨ ਦਾ ਢੁਕਵਾਂ ਸਮਾਂ ਹੈ।

ਵੰਨਗੀ

ਜਪਿ ਮਨ ਹਰਿ ਨਿਰੰਜਨੁ ਨਿਰੰਕਾਰਾ ਸਦਾ ਸਦਾ ਹਰਿ ਧਿਆਈਐ ਸੁਖਦਾਤਾ
ਜਾਕਾ ਅੰਤੁ ਨ ਪਾਰਾਵਾਰਾ- ਰਹਾਉ (ਪੰਨਾ– 720)

14. ਰਾਗੁ ਤਿਲੰਗ ਪੰਨਾ 721 ਤੋਂ 727 ਤਕ

ਭਾਰਤੀ ਜਗਤ ਦੇ ਪ੍ਰਸਿਧ ਰਾਗ ਤਿਲੰਗ ਵਿਚ ਗਾਈ ਜਾਣ ਵਾਲੀ ਬਾਣੀ ਦੁਆਰਾ ਗੁਰੂ ਸਾਹਿਬਾਨ ਨੇ ਮਨੁਖੀ ਮਨ ਨੂੰ ਸਮਝਾਇਆ ਕਿ ਉਹ ਪ੍ਰਭੂ ਕੀਰਤੀ ਨੂੰ ਪਰਮੁਖ ਜਾਣ ਕੇ ਨਾਮ ਸਿਮਰਨ ਵਿਚ ਜੁੜੇ। ਜੋ ਕੁਝ ਇਸ ਸੰਸਾਰ ਵਿਚ ਹੋ ਰਿਹਾ ਹੈ ਉਹ ਉਸ ਵਾਹਿਗੁਰੂ ਦੇ ਹੁਕਮ ਵਿਚ ਹੀ ਹੋ ਰਿਹਾ ਹੈ "ਸਭਿ ਆਏ ਹੁਕਮਿ ਖਸਮਾਹੁ ਹੁਕਮਿ ਸਭ ਵਰਤਨੀ" ਇਸ ਲਈ ਉਸੇ ਨੂੰ ਧਿਆਓ ਜਿਹੜਾ ਮਿਹਰਬਾਨ ਹੈ ਅਤੇ ਕਿਸੇ ਨੂੰ ਡੋਲਣ ਤੋਂ ਬਚਾਉਣ ਦੇ ਸਮਰੱਥ ਹੈ। ਸ਼ਾਮ ਵੇਲੇ ਇਸ ਰਾਗ ਦੇ ਗਾਉਣ ਦਾ ਅਨੰਦ ਹੀ ਨਿਰਾਲਾ ਹੈ। ਭਗਤਾਂ ਵਿਚੋਂ ਕੇਵਲ ਕਬੀਰ ਜੀ ਤੇ ਨਾਮਦੇਵ ਜੀ ਨੇ ਇਸ ਰਾਗ ਵਿਚ ਬਾਣੀ ਉਚਾਰੀ ਹੈ।

ਵਨੰਗੀ

ਤੁਧੁ ਬਿਨੁ ਦੂਜਾ ਨਾਹੀ ਕੋਇ ਤੂ ਕਰਤਾਰੁ ਕਰਹਿ ਸੋ ਹੋਇ
ਤੇਰਾ ਜੋਰੁ ਤੇਰੀ ਮਨਿ ਟੇਕ ਸਦਾ ਸਦਾ ਜਪਿ ਨਾਨਕ ਏਕ
ਸਭ ਉਪਰਿ ਪਾਰਬ੍ਰਹਮੁ ਦਾਤਾਰੁ ਤੇਰੀ ਟੇਕ ਤੇਰਾ ਆਧਾਰੁ– ਰਹਾਉ (ਪੰਨਾ 723)

15. ਰਾਗੁ ਸੂਹੀ ਪੰਨਾ 728 ਤੋਂ 794 ਤਕ

ਸੂਹੀ ਰਾਗ ਉਮਾਹ ਤੇ ਉਤਸ਼ਾਹ ਦਾ ਰਾਗ ਹੈ ਪਰ ਇਹ ਬਹੁਤਾ ਪਰਚਲਤ ਰਾਗ ਨਹੀਂ। ਗੁਰੂ ਗ੍ਰੰਥ ਸਾਹਿਬ ਵਿਚ ਕਾਫੀ ਬਾਣੀ ਇਸ ਰਾਗ ਵਿਚ ਮਿਲਦੀ ਹੈ। ਇਸ ਦੇ ਗਾਉਣ ਦਾ ਸਮਾਂ ਦਿਨ ਦਾ ਦੂਜਾ ਪਹਿਰ ਮਿਥਿਆ ਗਿਆ ਹੈ। ਸੂਹੀ ਦੇ ਸ਼ਾਬਦਿਕ ਅਰਥ ਕਿਸੇ ਔਰਤ ਵਲੋਂ ਆਪਣੇ ਤੋਂ ਵਡੇ ਦੇ ਪੈਰਾਂ ਤੇ ਮਥਾ ਟੇਕਣਾ ਹੁੰਦਾ ਹੈ। ਇਸ ਭਾਵਨਾ ਤਾਬੇ ਇਸ ਰਾਗ ਦੁਆਰਾ ਅਕਾਲ ਪੁਰਖ ਦਾ ਸਤਿਕਾਰ ਸੋਭਦਾ ਹੈ। ਉਸ ਦੇ ਚਰਨਾਂ ਤੇ ਸੀਸ ਨਿਵਾਣਾ ਬਣਦਾ ਹੈ।

ਵਨੰਗੀ

ਜੇ ਭੁਲੀ ਜੇ ਚੁਕੀ ਸਾਈ ਭੀ ਤਹਿੰਜੀ ਕਾਢੀਆ ਜਿਨਾ ਨੇਹੁ ਦੂਜਾਣੇ
ਲਗਾ ਝੂਰਿ ਮਰਹੁ ਸੇ ਵਾਢੀਆ ਹਉ ਨਾ ਛੋਡਉ ਕੰਤ ਪਾਸਰਾ ਸਦਾ
ਰੰਗੀਲਾ ਲਾਲੁ ਪਿਆਰਾ ਏਹੁ ਮਹਿੰਜਾ ਆਸਾਰਾ– ਰਹਾਉ (ਪੰਨਾ - 761)

16. ਰਾਗੁ ਬਿਲਾਵਲੁ ਪੰਨਾ 795 ਤੋਂ 858 ਤਕ

"ਬਿਲਾਵਲੁ ਤਬ ਹੀ ਕੀਜੀਐ ਜਬ ਮੁਖਿ ਹੋਵੈ ਨਾਮੁ ਰਾਗ
ਨਾਦ ਸਬਦਿ ਸੋਹਣੇ ਜਾ ਲਾਗੈ ਸਹਜਿ ਧਿਆਨੁ" (ਪੰਨਾ - 849)

ਬਿਲਾਵਲ ਖੁਸ਼ੀ ਦਾ ਰਾਗ ਹੈ ਤੇ ਇਹ ਖੁਸ਼ੀ ਪਰਮਾਤਮਾ ਦੇ ਮੇਲ ਨਾਲ ਪ੍ਰਾਪਤ ਹੋਣੀ ਹੈ। ਗੁਰੂ ਅਮਰ ਦਾਸ ਜੀ ਨੇ ਬਿਲਾਵਲ ਦੇ ਪਰਥਾਇ ਪੂਰਾ ਸ਼ਬਦ ਉਚਾਰਣ ਕੀਤਾ ਹੈ ਜੋ ਗੁਰੂ ਗ੍ਰੰਥ ਸਾਹਿਬ ਦੇ ਪੰਨਾ 849 ਤੇ ਅੰਕਤ ਹੈ। ਸ਼ਬਦ ਦੇ ਬੋਲ ਇਸ ਤਰ੍ਹਾਂ ਹਨ :–


www.AKJ.Org

# ਗੁਰਬਾਣੀ ਸੁਧ ਉਚਾਰਣ

(ਸ੍ਰ: ਮਲਿਕ ਸਿੰਘ ਜੀ ਮੈਗਨੋਥਰਾਪਿਸਿਸਟ, ਮੋਹਾਲੀ)

## (ਐ ਅਤੇ ਏ ਦਾ ਉਚਾਰਣ)

ਗੁਰਬਾਣੀ ਸ਼ੁੱਧ ਉਚਾਰਣ ਦੀ ਮਹੱਤਤਾ ਨੂੰ ਪ੍ਰਗਟਾਉਣ ਦੀਆਂ ਗੁਰੂ ਸਾਹਿਬਾਂ ਦੇ ਜੀਵਨ ਚੋਂ ਦੋ ਮੁੱਖ ਇਤਿਹਾਸਕ ਘਟਨਾਵਾਂ ਮਿਲਦੀਆਂ ਹਨ। ਪਹਿਲੀ ਮਿਸਾਲ ਮੀਰੀ ਪੀਰੀ ਦੇ ਮਾਲਕ ਛੇਵੀਂ ਪਾਤਸ਼ਾਹੀ, ਧੰਨ ਸ੍ਰੀ ਗੁਰੂ ਹਰਿ ਗੋਬਿੰਦ ਸਾਹਿਬ ਦੇ ਜੀਵਨ ਵਿੱਚ ਵਾਪਰੀ ਉਸ ਘਟਨਾਂ ਤੋਂ ਮਿਲਦੀ ਹੈ, ਜਿਸ ਵਿੱਚ ਉਹਨਾਂ ਨੇ ਇਕ ਸਿੱਖ ਵਲੋਂ ਸ੍ਰੀ ਜਪੁ ਸਾਹਿਬ ਜੀ ਦਾ ਪਾਠ, ਇਕ ਮਨ-ਇਕਾਗਰਚਿੱਤ, ਲਗਾਂ ਮਾਤ੍ਰਾਂ ਸਹਿਤ ਸ਼ੁੱਧ ਅਤੇ ਸਪਸ਼ਟ ਸੁਣਉਨ ਤੇ ਉਸ ਨੂੰ ਸਭ ਤੋਂ ਵੱਡੀ ਆਲਾਹੀ ਦਾਤ ਗੁਰਗੱਦੀ ਦੀ ਸੌਂਪਣ ਕਰ ਦੇਨ ਲਈ ਤਿਆਰ ਹੋ ਗਏ। ਇਸ ਤਰਾਂ ਗੁਰਬਾਣੀ ਸ਼ੁੱਧ ਉਚਾਰਣ ਦੀ ਮਹਾਨਤਾ ਨੂੰ ਪ੍ਰਗਟਾਉਣ ਦੀ ਦੂਜੀ ਮਿਸਾਲ ਕਲਗੇਸ਼ ਖੜਗੇਸ਼, ਦਸਮੇਸ਼ ਪਿਤਾ ਧੰਨ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਜੀਵਨ ਕਾਲ ਚੋਂ ਮਿਲਦੀ ਹੈ ਜਿਸ ਵਿੱਚ ਉਹਨਾਂ ਨੇ ਇਕ ਸਿੱਖ ਦੁਆਰਾ ਇਕ ਪੰਕਤੀ "ਕਰਤੇ ਕੀ ਮਿਤਿ ਕਰਤਾ ਜਾਣੈ ਜਾਣੈ ਗੁਰੁ ਸੂਰਾ" ਵਿੱਚ ਆਏ ਪਦ ਨੂੰ ਕੇ (ਦੁਲਾਵਾਂ ਦੇ ਬਦਲੇ ਲਾਂਵ) ਪਾਠ ਕਰਦੇ ਹੋਏ ਨੂੰ ਸੇਵਕ ਪਾਸੋਂ ਥੱਪੜ ਲਗਵਾ ਕੇ ਗੁਰਬਾਣੀ ਸ਼ੁੱਧ ਉਚਾਰਣ ਕਰਨ ਲਈ ਸਖਤ ਤਾੜਨਾ ਕੀਤੀ। ਇਸ ਲਈ ਗੁਰਬਾਣੀ ਦਾ ਸ਼ੁੱਧ ਪਾਠ ਕਰਨਾ ਭਾਵੇਂ ਸਿਲ ਅਲੂਣੀ ਚੱਟਣੀ ਹੈ ਪਰ ਫਿਰ ਭੀ ਜਗਿਆਸੂਆਂ ਨੂੰ ਇਸ ਉਪਦੇਸ਼ ਵੱਲ ਬਹੁਤ ਧਿਆਨ ਦੇਣ ਦੀ ਲੋੜ ਹੈ। ਇਸੇ ਲੜੀ ਵਿੱਚ ਐ ਅਤੇ ਏ ਸ਼ਬਦਾਂ ਦੇ ਅਗੇਤਰ ਅਤੇ ਪਿਛੇਤਰ ਆਣ ਵਾਲੇ ਸਬਦ-ਜੋੜਾਂ ਦਾ ਉਚਾਰਨ ਅਸ਼ੁਧ ਪ੍ਰਚੱਲਤ ਹੋਂਦੇ ਜਾ ਰਹੇ ਬਾਰੇ ਕੁਝ ਕੁ ਵਿਚਾਰ ਥੱਲੇ ਦਿੱਤੇ ਜਾ ਰਹੇ ਹਨ।

ਪੰਜਾਬੀ ਲਿਪੀ ਲਗਭਗ 500 ਸਾਲ ਪੁਰਾਣੀ ਮੰਨੀ ਜਾਂਦੀ ਹੈ। ਇਸ ਵਿੱਚ ਕੇਵਲ 35 ਅੱਖਰ ਹਨ ਜਿਨਾਂ ਵਿਚੋਂ 32 ਅੱਖਰ ਹਨ ਤੇ ਬਾਕੀ ਤਿੰਨ ਸ੍ਵਰ (VOWELS) ਅਖਵਾਉਂਦੇ ਹਨ। ਸ੍ਵਰ ਹਰ ਭਾਸ਼ਾ-ਲਿਪੀ ਦੀ ਜਿੰਦ ਜਾਨ ਹੁੰਦੇ ਹਨ। ਹਿੰਦੀ ਲਿਪੀ ਵਿੱਚ ਏਹ ਸ੍ਵਰ ਦਸ (10) ਹਨ :– अ, आ, इ, ई, उ, ऊ, ए, ऐ, ओ, औ। ਅੰਗ੍ਰੇਜ਼ੀ ਵ੍ਹਿੱਚ ਪੰਜ ਸਵਰ (VOWELS) ਹਨ (a,e,i,o,u) ਪਰ ਗੁਰਮੁੱਖੀ ਲਿਪੀ ਵਿੱਚ ਕੇਵਲ ਤੇ ਕੇਵਲ ਤਿੰਨ ਸ੍ਵਰ ੳ, ਅ, ਅਤੇ ੲ ਹੀ ਹਨ ਹੈਰਾਨਗੀ ਇਸ ਗਲ ਤੇ ਭੀ ਹੈ ਕਿ ਕੇਵਲ ਤਿੰਨ ਸ੍ਵਰ ਹੋਂਦੇ ਹੋਏ ਭੀ ਗੁਰਮੁਖੀ ਲਿਪੀ ਅਪਨੇ ਆਪ ਵਿੱਚ ਹਰ ਪੱਖੋਂ ਸੰਪੂਰਨ ਹੈ ਤੇ ਕਿਸੇ ਹੋਰ ਭਾਸ਼ਾ ਦੀ ਮੁਥਾਜ ਨਹੀਂ ਹੈ।

ਉਪਰੋਕਤ ਤਿੰਨ ਸ੍ਵਰਾਂ – ੳ, ਅ, ੲ ਨਾਲ ਅਨੁਸਾਰੀ ਦਸ ਲਗਾਂ ਲਗਾਉਨ ਨਾਲ ਹੀ ਇਹ ਦਸ (10) ਸ੍ਵਰ ਬਣ ਜਾਂਦੇ ਹਨ ਜਿਨ੍ਹਾਂ ਦੀ ਅਪਣੀ ਅਪਨੀ ਆਵਾਜ਼ ਤੇ ਅਪਣੀ ਅਪਨੀ ਵਿਸ਼ੇਸ਼ਤਾ ਹੈ। ਇਹ ਦਸ ਸ੍ਵਰ ਬਣਦੇ ਹਨ :– ਅ, ਆ, ਇ, ਈ, ਉ, ਊ, ਏ, ਐ ਓ, ਔ ਇਹਨਾਂ ਦਸ ਸ੍ਵਰਾਂ ਵੱਲ ਧਿਆਨ ਦੇਣ ਨਾਲ ਇਹ ਬਿਲਕੁਲ ਹੀ ਸਪਸ਼ਟ ਹੋ ਜਾਂਦਾ ਹੈ ਕਿ ਹੈ ਕਿ ਗੁਰਮੁਖੀ ਲਿਪੀ ਵਿੱਚ ਨਾ ਤਾਂ ਕੋਈ ਐ ਸ੍ਵਰ ਹੈ ਅਤੇ ਨ ਹੀ ਏ।

-੨-

ਇਸੇ ਲਈ ਸਰਬਤ ਗੁਰਬਾਣੀ ਅੰਦਰ ਕਿਧਰੇ ਭੀ 1430 ਅੰਕ ਵਿਚ ਐ (ਅ ਲਾਂ ਨਾਲ) ਅਤੇ ਏ (ਈੜੀ ਦਲਾਵਾਂ ਨਾਲ) ਨਹੀਂ ਵਰਤਿਆ ਗਿਆ। ਪਰ ਅਸੀਂ ਗੁਰਬਾਣੀ ਦਾ ਪਾਠ ਕਰਦੇ ਸਮੇਂ ਧਿਆਨ ਨਹੀਂ ਦਿੰਦੇ ਜਿਸ ਕਾਰਨ ਅ ਸ੍ਵਰ ਤੇ ਲਗੀਆਂ ਦੁਲਾਵਾਂ ਦਾ ਉਚਾਰਨ ਗਲਤ ਕਰ ਕੇ ਅਸੀ ਕੇਵਲ ਮਾਤ੍ਰਾ ਪੜਨ ਦੀ ਗਲਤੀ ਨਹੀਂ ਕਰ ਜਾਂਦੇ ਸਗੋਂ ਅੱਖਰ ਹੀ ਬਦਲ ਰਹੇ ਹੁੰਦੇ ਹਨ ਤੇ ਅਸੀ ਐ ਦੇ ਬਦਲੇ ਅਸਲੀਅਤ ਵਿੱਚ ਏ ਪੜ ਜਾਂਦੇ ਹਨ। ਇਹ ਸਾਡੀ ਬਹੁਤ ਵੱਡੀ ਗਲਤੀ ਸਾਡੀ ਹੀ ਅਣਗਹਿਲੀ ਕਰ ਕੇ ਹੋ ਰਹੀ ਹੈ ਤੇ ਇਸ ਨੂੰ ਦਰੁਸਤ ਠੀਕ ਕਰਨਾ ਸਾਡਾ ਫਰਜ਼ ਹੈ। ਇਸ ਦਾ ਗੁਰਬਾਣੀ ਪ੍ਰਮਾਣਾ ਸਹਿਤ ਵਿਸਥਾਰ ਥਲੇ ਦਿਤਾ ਜਾ ਰਿਹਾ ਹੈ।

### 1. ਪਿਛੇਤਰ ਐ ਦੇ ਬਦਲੇ, ਏ ਉਚਾਰਨ ਦੀ ਗਲਤੀ

ਗੁਰਬਾਣੀ ਅੰਦਰ 35 ਅਖਰਾਂ ਨਾਲ ਕਿਸੇ ਭੀ ਸ਼ਬਦ ਦੇ ਅੰਤ ਵਿੱਚ ਲਗੀ ਲਾਂ ਅਤੇ ਦੁਲਾਂ ਪਕੜ ਵਿੱਚ ਕੋਈ ਮੁਸ਼ਕਲ ਨਹੀਂ ਹੈ। ਦੋਨੋਂ ਦੇ ਹੀ ਇਸਤੇਮਾਲ ਕੀਤੇ ਮਿਲਦੇ ਹਨ। ਗੁਰਪ੍ਰਮਾਣ :–



www.AKJ.Org

ਪ੍ਰਭ ਕੈ ਸਿਮਰਨਿ ਗਰਭਿ ਨ ਬਸੈ॥ ਪ੍ਰਭ ਕੈ ਸਿਮਰਨਿ ਦੂਖੁ ਜਮੁ ਨਸੈ॥ ਪ੍ਰਭ ਕੈ ਸਿਮਰਨਿ ਕਾਲੁ ਪਰਹਰੈ॥ ਪ੍ਰਭ ਕੈ ਸਿਮਰਨਿ ਦੁਸਮਨੁ ਟਰੈ॥ ਪ੍ਰਭ ਸਿਮਰਤ ਕਛੁ ਬਿਘਨੁ ਨ ਲਾਗੈ॥ ਪ੍ਰਭ ਕੈ ਸਿਮਰਨਿ ਅਨਦਿਨੁ ਜਾਗੈ॥ ਪ੍ਰਭ ਕੈ ਸਿਮਰਨਿ ਭਉ ਨ ਬਿਆਪੈ॥ ਪ੍ਰਭ ਕੈ ਸਿਮਰਨਿ ਦੁਖੁ ਨ ਸੰਤਾਪੈ॥

(ਅਸ਼ਟਪਦੀ ਪਹਿਲੀ– ਸੁਖਮਨੀ- ੨ ਪਦਾ)

ਉਪਰੋਕਤ ਸਭ ਤੁਕਾਂ ਵਿੱਚ ਕੈ ਅਤੇ ਅੰਤਲੇ ਸ਼ਬਦ ਬਸੈ, ਨਸੈ, ਪਰਹਰੈ, ਟਰੈ, ਲਾਗੈ, ਜਾਗੈ, ਬਿਆਪੈ, ਸੰਤਾਪੈ, ਸਭ ਦੇ ਅੰਤਲੇ ਅੱਖਰ ਨਾਲ ਦੁਲਾਵਾਂ ਹਨ ਅਤੇ ਸਹਜੇ ਹੀ ਉਚਾਰਨ ਕੀਤੀਆਂ ਜਾ ਸਕਦੀਆਂ ਹਨ ਪਰ ਜਦ ਸ਼ਬਦਾਂ ਦੇ ਅਤਲੇ ਸ੍ਵਰ ਅ ਨਾਲ ਜਦੋਂ ਦੁਲਾਵਾਂ ਲਗੀਆਂ ਹੋਂਦੀਆਂ ਹਨ ਤਾਂ ਆਮ ਕਰ ਕੇ ਦੁਲਾਵਾਂ ਸਹਿਤ ਅ ਦਾ ਉਚਾਰਨ ਨਹੀਂ ਕੀਤਾ ਜਾਂਦਾ। ਅਪਣੇ ਵਲੋਂ ਅਸੀ ਸਮਝਦੇ ਹਾਂ ਕਿ ਇਕ ਲਾਂ ਛੁਟ ਗਈ ਹੋਏਗੀ, ਕੀ ਫਰਕ ਪੈਂਦਾ ਹੈ ਪਰ ਹੋਂਦਾ ਕੀ ਹੈ ਕਿ ਜਿਥੇ ਅਸੀ ਐ ਦੇ ਬਦਲੇ ਏ ਉਚਾਰਨ ਕਰ ਜਾਂਦੇ ਹਾਂ ਉਥੇ ਅਰਥ ਦੇ ਅਨਰਥ ਵੀ ਕਰ ਜਾਂਦੇ ਹਾਂ। ਜੇ ਕੋਈ ਕਹੇ ਕਿ ਅਸੀ ਇਕ ਲਾਂ ਛੱਡ ਕੇ ਐ ਪੜਿਆ ਤਾਂ ਐ ਗੁਰਬਾਣੀ ਅੰਦਰ ਕੋਈ ਸ੍ਵਰ ਹੈ ਹੀ ਨਹੀਂ ਜਿਵੇਂ ਪਿਛੇ ਦਰਸਾ ਦਿਤਾ ਗਿਆ ਹੈ।

ਖਾਸ ਕਰ ਕੇ ਪਉੜੀਆਂ ਵਿੱਚ ਐ ਦੀ ਵਰਤੋਂ ਬਹੁਤ ਜ਼ਿਆਦਾ ਹੈ।

ਗੁਰਪ੍ਰਮਾਣ ਲਈ ਇਕ ਪਉੜੀ ਥੱਲੇ ਦਿਤੀ ਜਾ ਰਹੀ ਹੈ :–

ਜਿਉ ਆਰਣਿ ਲੋਹਾ ਪਾਇ ਭੰਨਿ ਘੜਾਈਐ॥ ਜਿਉ ਸਾਕਤੁ ਜੋਨੀ ਪਾਇ ਭਵਾਈਐ॥੧॥ ਤੂ ਗੁਰਮੁਖਿ ਰਖਣਹਾਰੁ ਹਰਿ ਨਾਮੁ ਧਿਆਈਐ॥ ਮੇਲਹਿ ਰਜਾਇ ਸਬਦੁ ਕਮਾਈਐ॥੨॥ ਤੂ ਕਰਿ ਕਰਿ ਵੇਖਹਿ ਆਪਿ ਦੇਹਿ ਸੁ ਪਾਈਐ॥ ਤੂ ਦੇਖਹਿ ਥਾਪਿ ਉਥਾਪਿ ਦਰਿ ਬੀਨਾਈਐ॥੩॥ ਦੇਹੀ ਹੋਵਗਿ ਖਾਕੁ ਪਖਣੁ ਉਡਾਈਐ॥ ਇਹੁ ਕਿਥੈ ਘਰੁ ਅਉਡਾਕੁ ਮਹਲੁ ਨ ਪਾਈਐ॥੪॥ ਦਿਹੁ ਦੀਵੀ ਅੰਧ ਘੋਰੁ ਘਬੁ ਮੁਹਾਈਐ॥ ਗਰਬਿ ਮੁਸੈ ਘਰੁ ਚੋਰ ਕਿਸੁ ਰੂਆਈਐ॥੫॥ ਗੁਰਮੁਖਿ ਹੋਰੁ ਨ ਲਾਗਿ ਨਾਮਿ ਜਗਾਈਐ॥ ਸਬਦਿ ਨਿਵਾਰੀ ਆਗਿ ਜੋਤਿ ਦੀਪਾਈਐ॥੬॥ ਲਾਲੁ ਰਤਨੁ ਹਰਿ ਨਾਮੁ ਗੁਰਿ ਸੁਰਤਿ ਬੁਝਾਈਐ॥ ਸਦਾ ਰਹੈ ਨਿਹਕਾਮੁ ਜੇ ਜੁਗਤਿ ਪਾਈਐ॥੭॥ ਰਾਤਿ ਦਿਹੈ ਹਰਿ ਨਾਉ ਮੰਨਿ ਵਸਾਈਐ॥ ਨਾਨਕ ਮੇਲਿ ਮਿਲਾਇ ਜੇ ਤੁਧੁ ਭਾਈਐ॥ ੪॥ (ਪੰਨਾ ੭੫੨)

ਉਪਰੋਕਤ ਪੰਕਤੀਆਂ ਵਿਚਿ ਗਾਵੀਐ, ਸੁਣੀਐ, ਘੜੀਐ, ਭਵਾਈਐ, ਧਿਆਈਐ, ਕਮਾਈਐ, ਪਾਈਐ, ਬੀਨਾਈਐ, ਉਡਾਈਐ, ਪਾਈਐ, ਮੁਹਾਈਐ, ਰੁਆਈਐ, ਜਗਾਈਐ, ਦੀਪਾਈਐ, ਬੁਝਾਈਐ, ਵਸਾਈਐ, ਭਾਈਐ ਸਭ ਵਿਚ ਜੇ ਕਰ ਅਸੀ ਅੰਤਮ ਇਹ ਉਪਰੋਕਤ ਸ਼ਬਦਾਂ ਦਾ ਉਚਾਰਨ ਦੁਲਾਵਾਂ ਸਹਿਤ ਨਹੀਂ ਕਰਦੇ ਤਾਂ ਇਹਨਾਂ ਦਾ ਉਚਾਰਨ ਬਨੇਗਾ ਗਾਵੀਏ, ਰਖੀਏ, ਸੁਣੀਏ, ਘੜੀਏ, ਭਵਾਈਏ, ਧਿਆਈਏ ..... ਆਦਿ।

ਇਹ ਉਚਾਰਨ ਗਲਤ ਬਨ ਜਾਨਗੇ ਤੇ ਅਰਥ ਭੀ ਬਦਲ ਜਾਨਗੇ। ਸੋ ਐਸੇ ਗੁਰਬਾਣੀ ਅੰਦਰ ਅਨਗਿਣਤ ਸ਼ਬਦ ਹਨ। ਅਸੀ ਥੋੜਾ ਧਿਆਨ ਦੇਈਏ ਤਾਂ ਸਬਦਾਂ ਦਾ ਉਚਾਰਨ ਠੀਕ ਕਰ ਸਕਦੇ ਹਾਂ।

ਹੁਣ ਦੂਜੇ ਪੱਖ ਦੇ ਗੁਰਬਾਣੀ ਅੰਦਰ ਹੀ ਆਏ ਸਬਦਾਂ ਵਲੈਝਾਤ ਮਾਰੀਏ ਤਾਂ ਸਾਨੂੰ ਅੰਤਮ ਸ਼ਬਦਾਂ ਨਾਲ ਏ ਦੀ ਵਰਤੋਂ ਭੀ ਬਹੁਤੇਰੀ ਮਿਲ ਜਾਂਦੀ ਹੈ ਜਿਵੇਂ :– ਵਾਪਾਰੀਏ, ਜਿੰਦੜੀਏ, ਮਉਲੀਏ, ਨਿਮਾਣੀਏ, ਸੂਤੜੀਏ, ਇਆਨੜੀਏ, ਬਲੜੀਏ, ਰਾਤੜੀਏ, ਬਾਲੜੀਏ, ਪਿਰੀਏ, ਸਲੋਨੜੀਏ ਆਦਿ

ਗੁਰਪ੍ਰਮਾਣ 1. ਇਆਨੜੀਏ ਮਾਨੜਾ ਕਾਇ ਕਰੇਹਿ ॥੭੨੨

੨. ਪਿਰ ਰਾਵੇ ਰੰਗਿ ਰਾਤੜੀਏ ਪਿਰ ਕਾ ਮਹਲੁ ਤਿਨ ਪਾਇਆ ਰਾਮ॥ ੭੭੧

3. ਸੂਤੜੀਏ ਨਿਮਾਣੀਏ ਸੋ ਸਹੁ ਸਦਾ ਸਮ੍ਹਾਲਿ ॥੭੮੫॥

4. ਨਿਜ ਘਰਿ ਸੂਤੜੀਏ ਪਿਰਮੁ ਜਗਾਇ ਰਾਮ॥ ੮੪੪

## ੨. ਸ਼ਬਦਾਂ ਦੇ ਅਗੇਤਰ ਐ ਦਾ ਗਲਤ ਉਚਾਰਨ

ਗੁਰਬਾਣੀ ਅੰਦਰ ਕਈ ਐਸੇ ਸਬਦ ਹਨ ਜਿਨਾਂ ਦੀ ਅਰੰਭਤਾ ਐ ਤੋਂ ਹੁੰਦੀ ਹੈ ਪਰ ਆਮ ਪ੍ਰਚੱਲਤ ਗੁਰਬਾਣੀ ਪੜਦੇ ਸਮੇਂ ਐ ਦੇ ਬਦਲੇ ਏ ਕੀਤਾ ਜਾਣ ਲਗ ਪਿਆ ਹੈ। ਕੁਝ ਗੁਰਪ੍ਰਮਾਣ :–

1. ਨਾਨਕ ਐਥੈ ਸੁਖੇ ਅੰਦਰਿ ਰਖਸੀ ਅਗੈ ਹਰਿ ਸਿਉ ਕੇਲ ਕਰੇਹੁ॥
੨. ਜਾ ਰਹਣਾ ਨਾਹੀ ਐਤੁ ਜਗਿ ਤਾ ਕਾਇਤ ਗਾਰਬਿ ਹੰਢੀਐ। ੪੭੩
3. ਐਥੈ ਸੁਖੁ ਨ ਆਗੈ ਹੋਇ ॥ ੮੪੩

ਸੂਰਾ


www.AKJ.Org

4. ਐਥੈ ਓਥੈ ਨਿਬਹੀ ਨਾਲਿ ॥ ੮੭੮॥

ਉਪਰੋਕਤ ਆਏ ਸ਼ਬਦ ਐਥੈ, ਐਤੁ ਦਾ ਉਚਾਰਨ ਸਾਡੀ ਆਮ ਬੋਲਚਾਲ ਵਿੱਚ ਏਥੇ, ਏਤੁ ਹੋ ਚੁਕਾ ਹੈ ਪਰ ਗੁਰਬਾਣੀ ਪੜ੍ਹਦੇ ਸਮੇਂ ਸਾਨੂੰ ਐ (ਅ ਦੁਲਾਵਾਂ ਸਹਿਤ) ਉਚਾਰਨ ਕਰਨਾ ਚਾਹੀਦਾ ਹੈ।

## 3. ਅਗੇਤਰ ਏ ਦੇ ਬਦਲੇ ਐ ਦਾ ਅਸ਼ੁੱਧ ਉਚਾਰਨ

ਗੁਰਬਾਣੀ ਅੰਦਰ ਐਸੇ ਭੀ ਅਨਗਿਣਤ ਸ਼ਬਦ ਹਨ ਜਿਨ੍ਹਾਂ ਦੇ ਅਗੇਤਰ ਏ, (ੲ ਲਾਂ ਸਹਿਤ) ਆਉਂਦਾ ਹੈ ਪਰ ਅਸੀਂ ਉਹਨਾਂ ਸ਼ਬਦਾਂ ਦਾ ਉਚਾਰ ਏ ਦੇ ਬਦਲੇ ਐ ਕਰ ਜਾਦੇ ਹਾਂ। ਇਸ ਵਿੱਚ ਭੀ ਅਸੀ ਕੇਵਲ ਮਾਤ੍ਰਾ ਹੀ ਨਹੀਂ ਗਲਤ ਉਚਾਰ ਰਹੇ ਹੁੰਦੇ ਹਨ ਸਗੋਂ ਅੱਖਰ ਹੀ ਬਦਲ ਰਹੇ ਹੁੰਦੇ ਹਾਂ। ਕੁਝ ਗੁਰ ਪ੍ਰਮਾਣ :–1. ਨਾਨਕ ਏਵੈ ਜਾਣੀਐ ਤਿਤੁ ਮੁਖਿ ਥੁਕਾ ਪਾਇ ॥ (੪੭੩)

2. ਨਾਨਕ ਏਵੈ ਜਾਣੀਐ ਸਭੁ ਆਪੇ ਸਚਿਆਰੁ ॥ (ਜਪੁ - 4)
3. ਸੈਜੇ ਕੰਤੁ ਨ ਆਵਈ ਏਵੈ ਬਿਰਥਾ ਜਾਇ ॥੭੮੮
4. ਸੇਜੈ ਕੰਤੁ ਨ ਆਇਓ ਏਵੈ ਭਇਆ ਵਿਕਾਰੁ ॥੭੮੮

ਏਵੈ ਸਬਦ ਦਾ ਪ੍ਰਚੱਲਤ ਉਚਾਰਨ ਐਵੇ ਹੁੰਦਾ ਜਾ ਰਿਹਾ ਹੈ ਜੋ ਕਿ ਗਲਤ ਉਚਾਰਨ ਹੈ। ਗੁਰਬਾਣੀ ਪੜਦੇ ਸਮੇਂ ਲਿਖਤ ਅਨੁਸਾਰ ਹੀ ਪੜਨਾ ਚਾਹੀਦਾ ਹੈ।

## 4. ਦੀਏ ਅਤੇ ਦੀਐ

ਗੁਰਬਾਣੀ ਅੰਦਰ ਦੀਏ ਅਤੇ ਦੀਐ ਦੋਨੋ ਸ਼ਬਦ ਜੋੜ ਮਿਲਦੇ ਹਨ ਪਰ ਅਸੀਂ ਆਮ ਉਚਾਰਨ ਦੀਏ ਹੀ ਕਰ ਜਾਂਦੇ ਹਾਂ। ਲਿਖਤ ਮੁਤਾਬਕ ਜਿਥੇ ਦੀਏ ਆਉਂਦਾ ਹੈ ਉਥੇ ਦੀਏ ਉਚਾਰਨ ਕਰਨਾ ਚਾਹੀਦਾ ਹੈ ਪਰ ਜਿਥੇ ਦੀਐ ਪਾਠ ਹੈ ਉਥੇ ਦੀਐ ਉਚਾਰਨ ਕਰਨਾ ਚਾਹੀਦਾ ਹੈ। ਵੈਸੇ ਅਧਿਕ ਪਾਠ ਦੀਏ ਹੀ ਆਉਂਦਾ ਹੈ। ਦੀਐ ਪਾਠ ਕਿਧਰੇ ਕਿਧਰੇ ਹੀ ਆਇਆ ਹੈ।

ਦੀਏ ਦੀ ਕੁਝ ਗੁਰ ਪ੍ਰਮਾਣ

1. ਜਿਨ ਦੀਏ ਤਿਸਹਿ ਨ ਜਾਨਹਿ ਸੁਆਨ॥ ੧੯੫
2. ਜਿਨ ਦੀਏ ਤੁਧੁ ਬਾਪ ਮਹਤਾਰੀ॥
3. ਜਿਨ ਦੀਏ ਭ੍ਰਾਤ ਪੁਤਹਾਰੀ॥
4. ਜਿਨ ਦੀਏ ਤੁਧੁ ਨੀਰ ਨਿਰਮੋਨਾ॥

ਇਹ ਬੜੇ ਧਿਆਨ ਯੋਗ ਗਲ ਹੈ ਕਿ ਸ੍ਰੀ ਸੁਖਮਨੀ ਸਾਹਿਬ ਵਿਚਿ ਦੀਏ ਅਤੇ ਦੀਐ ਦੋਨੋਂ ਪਾਠ ਉਪਲਬਧ ਹਨ ਜਿਵੇਂ

ਜਿਸ ਕੈ ਦੀਐ ਰਹੈ ਅਘਾਇ ॥ (ਪੰਨਾ ੨੮੧)

ਇਹ ਪੰਕਤੀ 14 ਅਸਟਪਦੀ ਦੇ ਪਹਿਲੇ ਪਦੇ ਦੀ ਹੈ। ਪਰ 19ਵੀਂ ਅਸਟਪਦੀ ਦੇ 5ਵੇਂ ਪਦੇ ਵਿਚ ਐ ਦੇ ਬਦਲੇ ਏ ਨਾਲ ਇਹ ਸ਼ਬਦ ਸ਼ਸੋਬਿਤ ਹੈ।

ਜਿਨਿ ਦੀਏ ਤਿਸੁ ਬੁਝੈ ਨ ਬਿਗਾਨਾ॥ ਨਾਮੁ ਬਿਸਾਰਿ ਨਾਨਕ ਪਛੁਤਾਨਾ ॥ ਪੰਨਾ ੨੮੮

## 5. ਥੀਐ, ਪੀਐ, ਸੂਐ, ਜੂਐ .. ਆਦਿ ਦਾ ਗਲਤ ਉਚਾਰਨ

ਸਾਡੀ ਆਮ ਬੋਲ ਚਾਲ ਵਿੱਚ ਇਹਨਾਂ ਸ਼ਬਦਾਂ ਦਾ ਉਚਾਰਨ ਥੀਏ, ਪੀਏ, ਸੂਏ, ਜੂਏ ਆਦਿ ਹੈ ਪਰ ਗੁਰਬਾਣੀ ਅੰਦਰ ਬਹੁਤੀ ਵਰਤੋਂ ਐ ਨਾਲ ਹੀ ਆਉਂਦੀ ਹੈ ਜਿਵੇਂ :–

1. ਜੋ ਤਿਸੁ, ਭਾਵੈ ਸੋ ਥੀਐ ਇਨ ਬਿਧਿ ਕੰਤ ਮਿਲੀ॥ ਪੰਨਾ ੭੮੫
2. ਮਨ ਪਰਦੇਸੀ ਜੇ ਥੀਐ ਸਭੁ ਦੇਸੁ ਪਰਾਇਆ॥ ਪੰਨਾ ੭੬੭
3. ਜੋ ਤਿਸੁ ਭਾਵੈ ਸੋ ਥੀਐ ਸਭ ਚਲੈ ਰਜਾਈ॥ ਪੰਨਾ ੭੮੬ ਥੀਐ
4. ਸੂਐ ਚਾੜਿ ਭਵਾਈਅਹਿ ਜੰਤ॥ (ਆਸਾ ਦੀ ਵਾਰ) – (ਸੂਐ)
5. ਹਰਿ ਕਾ ਨਾਮੁ ਅੰਮ੍ਰਿਤ ਹਰਿ ਹਰਿ ਹਰੇ ਸੋ ਪੀਐ ਜਿਸੁ ਰਾਮ ਪਿਆਸੀ ॥ ਪੰਨਾ ੧੨੦੨ (ਪੀਐ)
6. ਜਨੁ ਨਾਨਕੁ ਨਾਮੁ ਲਏ ਤਾ ਜੀਵੈ ਜੀਉ ਚਾਤ੍ਰਿਕ ਜਲਿ ਪੀਐ ਤ੍ਰਿਪਤਾਸੀ॥ ਪੰਨਾ ੧੨੦੨ (ਜੂਐ)

(ਚਲਦਾ)



www.AKJ.Org

# ਗੁਰਮਤਿ ਅਧਿਆਤਮ ਕਰਮ ਫ਼ਿਲਾਸਫ਼ੀ

(ਗੁਰਪੁਰਵਾਸੀ ਭਾ: ਸਾ: ਭਾ: ਰਣਧੀਰ ਸਿੰਘ ਜੀ)

(ਲੜੀ ਜੋੜਨ ਲਈ ਦੇਖੋ ਸੂਰਾ ਅਗਸਤ ੯੯)

ਮਨ ਮੇਰੇ ਹਰਿ ਕਾ ਨਾਮੁ ਅਤਿ ਮੀਠਾ॥
ਜਨਮ ਜਨਮ ਕੇ ਕਿਲਵਿਖ ਭਉ ਭੰਜਨ
ਗੁਰਮੁਖਿ ਏਕੋ ਡੀਠਾ ॥੧॥ ਰਹਾਉ ॥
ਕੋਟਿ ਕੋਟੰਤਰ ਕੇ ਪਾਪ ਬਿਨਾਸਨ ਹਰਿ ਸਾਚਾ ਮਨਿ ਭਇਆ ॥
ਹਰਿ ਬਿਨੁ ਅਵਰੁ ਨ ਸੂਝੈ ਦੂਜਾ ਸਤਿਗੁਰਿ ਏਕੁ ਬੁਝਾਇਆ ॥੫॥(੮॥੨)

(ਸਾਰੰਗ ਮ: ੩, ਪੰਨਾ ੧੨੩੩-੩੪)

ਵਾਹਿਗੁਰੂ ਦਾ ਨਾਮ ਅਤੀਅੰਤ ਹੀ ਮੀਠਾ ਹੈ। ਜਨਮ-ਜਨਮਾਤਰਾਂ ਦੇ ਪਾਪ-ਕਰਮ ਨਾਸ ਕਰਨਹਾਰਾ ਅਤੇ ਕਿਲਵਿਖ ਪਾਪ ਦੂਰ ਕਰਨਹਾਰਾ ਵਾਹਿਗੁਰੂ ਦਾ ਏਕੋ ਨਾਮ ਜਪਣ ਕਰਿ ਘਟ ਅੰਦਰਿ ਹੀ ਪਰਤੱਖ ਦੇਖ ਲਈਦਾ ਹੈ। ਕੋਟਿ ਕੋਟੰਤਰ ਪਾਪਾਂ ਨੂੰ ਬਿਨਾਸਨਹਾਰਾ ਵਾਹਿਗੁਰੂ ਸਾਚਾ ਗੁਰਮਤਿ ਨਾਮ ਜਪਣ ਕਰਿ ਜਪਣਹਾਰਿਆਂ ਦੇ ਮਨ ਨੂੰ ਐਸਾ ਭਾਇਆ ਹੈ ਕਿ ਛੋੜਿ ਨਹੀਂ ਹੁੰਦਾ। ਨਾਮ ਅਤੇ ਨਾਮੀ ਵਾਹਿਗੁਰੂ ਬਿਨਾਂ ਹੋਰ ਕੁਛ ਸੁਝਦਾ ਹੀ ਨਹੀਂ। ਸਤਿਗੁਰੂ ਨੇ ਐਸੀ ਟੇਵ ਏਕੋ ਨਾਮ ਨਾਲਿ ਲਾਇ ਦਿਤੀ ਹੈ ਅਤੇ ਟੇਵ ਲਾਇ ਕੇ ਵਾਹਿਗੁਰੂ ਜੋਤਿ ਘਟ ਅੰਦਰਿ ਹੀ ਜਗਾਇ ਦਿਤੀ ਹੈ, ਜਿਥੇ ਕਿਥੇ ਭੀ ਦਿਸਦਾ ਬੁਝਦਾ ਹੈ, ਇਕੋ ਵਾਹਿਗੁਰੂ ਹੀ ਵਾਹਿਗੁਰੂ ਹੈ।

ਜਗ ਜੀਵਨੁ ਧਿਆਇ ਮਨਿ ਹਰਿ ਸਿਮਰੀ ॥
ਕੋਟ ਕੋਟੰਤਰ ਤੇਰੇ ਪਾਪ ਪਰਹਰੀ ॥ ੨॥ ੪॥੨ (ਭੈਰਉ ਮ: ੪, ਪੰਨਾ ੧੧੩੪)

ਜਗ-ਜੀਵਨ ਵਾਹਿਗੁਰੂ ਦਾ ਧਿਆਨ ਧਰ ਕੇ ਮਨ ਅੰਦਰਿ ਸਿਮਰਨ ਕੀਤਿਆਂ ਕ੍ਰੋੜਹਾਂ ਕ੍ਰੋੜ ਪਾਪ ਨਵਿਰਤ ਹੋ ਜਾਂਦੇ ਹਨ। ਕੋਈ ਪਾਪ-ਕਰਮ ਨਹੀਂ ਰਹਿੰਦਾ।

ਗੁਰ ਸਬਦੀ ਹਰਿ ਚੇਤਿ ਸੁਭਾਇ ॥
ਰਾਮ ਨਾਮ ਰਸਿ ਰਹੈ ਅਘਾਇ ॥
ਕੋਟ ਕੋਟੰਤਰ ਕੇ ਪਾਪ ਜਲਿ ਜਾਹਿ ॥
ਜੀਵਤ ਮਰਹਿ ਹਰਿ ਨਾਮਿ ਸਮਾਹਿ ॥੧॥ (੪॥੧੨।) (ਬਸੰਤੁ ਮ: ੩, ਪੰਨਾ ੧੧੭੫)

ਭਾਵ– ਗੁਰੂ ਦੇ ਸ਼ਬਦ, ਗੁਰ-ਦੀਖਿਅਤ ਗੁਰ-ਮੰਤ੍ਰ ਦੁਆਰਾ ਗੁਰਮਤਿ ਨਾਮ ਨੂੰ ਸਹਿਜ ਸੁਭਾਇ ਰਟਨ ਤੇ ਚੇਤਣ ਦੀ ਟੇਵ ਪੈ ਜਾਂਦੀ ਹੈ। ਐਸੀ ਟੇਵ ਕਿ ਅੰਦਰਿ ਬਾਹਰਿ ਸਰਬੱਤ੍ਰ ਨਾਮ ਹੀ ਨਾਮ ਨਾਲ ਰੰਗਿਆ ਜਾਂਦਾ ਹੈ। ਅਤੇ ਨਾਮ ਦੇ ਰਸ ਵਿਚਿ ਰੱਜਿਆ ਹੀ ਰਹਿੰਦਾ ਹੈ। ਇਸ ਰਾਮ-ਰਸ ਦਸ਼ਾ ਵਿਚ ਨਾਮ ਜਪਿਆਂ ਕੋਟ ਕੋਟੰਤਰੀ ਜਨਮਾਂ ਦੇ ਪਾਪ-ਕਰਮ ਕੀਤੇ ਜਲ ਦੇ ਭਸਮਾਭੂਤ ਹੋ ਜਾਂਦੇ ਹਨ। ਅਤੇ ਨਾਮ ਰਸੀਅੜੇ ਗੁਰਮੁਖ ਜਨ ਐਸਾ ਰਸਕ ਜੋਤਿ ਜਲਵਨੀ ਨਾਮ ਜਪਿ ਜਪਿ ਕੇ ਜੀਵਨ-ਮੁਕਤ ਹੋ ਜਾਂਦੇ ਹਨ ਅਤੇ ਜੋਤਿ ਸਰੂਪ ਜੋਤੀਸਰੀ ਨਾਮ ਵਿਚਿ ਹੀ ਸਮਾ ਜਾਂਦੇ ਹਨ।

ਦੂਖ ਬਿਸਾਰਣਹਾਰੁ ਸੁਆਮੀ ਕੀਤਾ ਜਾ ਕਾ ਹੋਵੈ।
ਕੋਟ ਕੋਟੰਤਰ ਪਾਪਾ ਕੇਰੇ ਏਕ ਘੜੀ ਮਹਿ ਖੋਵੈ॥੧॥ (੪॥੧॥੪)

(ਆਸਾ ਮ: ੧, ਪੰਨਾ ੪੩੮)

ਵਾਹਿਗੁਰੂ ਸੁਆਮੀ ਦੂਖ-ਵਿਸਾਰਨਹਾਰ ਹੈ ਅਤੇ ਸਭ ਕੁਛ ਦੁਖ ਸੁਖ ਉਸੇ ਦਾ ਕੀਤਾ ਹੀ ਹੁੰਦਾ ਹੈ। ਕ੍ਰੋੜਾਨ ਕ੍ਰੋੜਹਾ ਪਾਪਾਂ ਨੂੰ ਤੇ ਪਾਪ-ਕਰਮਾਂ ਨੂੰ ਇਕ ਘੜੀ ਅੰਦਰਿ ਹੀ ਖੋ ਦਿੰਦਾ ਹੈ।

ਮੇਰੇ ਮਨ ਜਪਿ ਅਹਿਨਿਸਿ ਨਾਮੁ ਹਰੇ ॥
ਕੋਟਿ ਕੋਟਿ ਦੋਖ ਬਹੁ ਕੀਨੇ ਸਭ ਪਰਹਰਿ ਪਾਸਿ ਧਰੇ ॥੧॥ ਰਹਾਉ ॥



www.AKJ.Org

# ਸਲੋਕ ਭਗਤ ਕਬੀਰ ਜੀਉ ਕੇ
# SLOK BHAGAT KABIR JI

(Translate By Jaspinder Singh Canada)

ਕਬੀਰ ਇਹੁ ਤਨੁ ਜਾਇਗਾ ਸਕਹੁ ਤ ਲੇਹੁ ਬਹੋਰਿ॥ ਨਾਂਗੇ ਪਾਵਹੁ ਤੇ ਗਏ ਜਿਨ ਕੇ ਲਾਖ ਕਰੋਰਿ ॥੨੭॥
Slok No. 27 O'Kabir! The human body is bound to perish. Try if thou can save it! Persons with immense weath and resources too depart empty handed when death comes. -27
ਕਬੀਰ ਇਹੁ ਤਨੁ ਜਾਇਗਾ ਕਵਨੈ ਮਾਰਗਿ ਲਾਇ॥ ਕੈ ਸੰਗਤਿ ਕਰਿ ਸਾਧ ਕੀ ਕੈ ਹਰਿ ਕੇ ਗੁਨ ਗਾਇ ॥੨੮॥
Slok No. 28 O'Kabir! This human body is bound to perish. What is worthy of pursuit in human life? There are only two worthy pursuits, company of holy saints and singing of virtues Divine.-28

ਕਬੀਰ ਮਰਤਾ ਮਰਤਾ ਜਗੁ ਮੂਆ ਮਰਿ ਭੀ ਨ ਜਾਨਿਆ ਕੋਇ॥ ਐਸੇ ਮਰਨੇ ਜੋ ਮਰੈ ਬਹੁਰਿ ਨ ਮਰਨਾ ਹੋਇ ॥੨੯॥
Slok No. 29 O'Kabir! Worldly mortals keep dying in fear and doubt in pursuit of wordliness without learning from Godliness, that rids one of fear, doubt and worry. However, inose capable & detach ment from worldliness and giving up selfhood and ego, have realized Divine will. They have attained salvation in this life to escape from cycle of births and deaths.-29

ਕਬੀਰ ਮਾਨਸ ਜਨਮੁ ਦੁਲੰਭੁ ਹੇ ਹੋਇ ਨ ਬਾਰੈ ਬਾਗ॥ਜਿਉ ਬਨ ਫਲ ਪਾਕੇ ਭੁਇ ਗਿਰਹਿ ਬਹੁਰਿ ਨ ਲਾਗਹਿ ਡਾਗ॥ ੩੦॥
Slok No. 30 O'Kabir! Human life is difficult to obtain and this opportunity repeats not too often. Life of worldliness goes waste like the ripened fruit of a forest tree that falls and never gets back to the tree branch. -30

ਕਬੀਰ ਤੁਹੀ ਕਬੀਰੁ ਤੂ ਤੇਰੋ ਨਾਉ ਕਬੀਰੁ॥ ਰਾਮ ਰਤਨੁ ਤਬ ਪਾਈਐ ਜਉ ਪਹਿਲੇ ਤਜਹਿ ਸਰੀਰੁ ॥੩੧॥
Slok No. 31 O'Kabir! Utter praise Divine that. "0" Lord! Thou are Supreme and Thy Nam is Supreme!" However the Jewel of Nam is obtained only when one gives up love for selfhood.-31

ਕਬੀਰ ਝੰਖੁ ਨ ਝੰਖੀਐ ਤੁਮਰੋ ਕਹਿਓ ਨ ਹੋਇ॥ ਕਰਮ ਕਰੀਮ ਜੁ ਕਰਿ ਰਹੇ ਮੇਟਿ ਨ ਸਾਕੈ ਕੋਇ ॥੩੨॥
Slok No. 32 O'Kabir! Delve not into desires of greed for thy wish is never done. Whatever the Benevolent Lord bestowes none can alter. -32
ਕਬੀਰ ਕਸਉਟੀ ਰਾਮ ਕੀ ਝੂਠਾ ਟਿਕੈ ਨ ਕੋਇ॥ ਰਾਮ ਕਸਉਟੀ ਸੋ ਸਹੈ ਜੋ ਮਰਿ ਜੀਵਾ ਹੋਇ ॥੩੩॥
Slok No. 33 O'Kabir! The touch-stone test of Godly Love is passed by those, who give up worldly attachment and live only in godliness. A show of falsehood is bound to fail this test.-33

ਕਬੀਰ ਊਜਲ ਪਹਿਰਹਿ ਕਾਪਰੇ ਪਾਨ ਸੁਪਾਰੀ ਖਾਹਿ॥ ਏਕਸ ਹਰਿ ਕੇ ਨਾਮ ਬਿਨੁ ਬਾਧੇ ਜਮ ਪੁਰਿ ਜਾਂਹਿ ॥੩੪॥
Slok No. 34 O'Kabir! Those, who adorn themselves with fine clothes and indulge in evil ways of wasteful pursuits, suffer the punishment by couriers of death. Worthless is the life without Nam devotion.-34
ਕਬੀਰ ਬੇੜਾ ਜਰਜਰਾ ਫੂਟੇ ਛੇਂਕ ਹਜਾਰ॥ ਹਰੂਏ ਹਰੂਏ ਤਿਰਿ ਗਏ ਡੂਬੇ ਜਿਨ ਸਿਰ ਭਾਰ॥ ੩੫॥


www.AKJ.Org

Slok No. 35 O'Kabir! The ship of human life is old and rusty after passing through so many previous lives. It suffers from countless leaking holes as a result of past misdeeds that influence this life. Those, who load themselves with further sinning get drowned in the worldly ocean, while those with no such load of evil doings manage to swim across. Escape from evil is possible only through a life of godliness.35

ਕਬੀਰ ਹਾਡ ਜਰੇ ਜਿਉ ਲਾਕਰੀ ਕੇਸ ਜਰੇ ਜਿਉ ਘਾਸੁ॥ ਇਹੁ ਜਗੁ ਜਰਤਾ ਦੇਖਿ ਕੈ ਭਇਓ ਕਬੀਰੁ ਉਦਾਸੁ ॥੩੬॥
Slok No. 36 O'Kabir! After the inescapable death, the body is disposed of by burning on pyre. The bones burn like firewood and the hair like bundle of grass. Seeing this ultimate reality of burning the body after body of mortals, kabir has lost attachment for the body.-36

ਕਬੀਰ ਗਰਬੁ ਨ ਕੀਜੀਐ ਚਾਮ ਲਪੇਟੇ ਹਾਡ॥ ਹੈਵਰ ਊਪਰਿ ਛਤ੍ਰ ਤਰ ਤੇ ਫੁਨਿ ਧਰਤੀ ਗਾਡ॥੩੭॥
Slok No. 37: O' Kabir ! Never indulge in pride of body. It is merely wrapping of bones with human skin. No matter whether a person rides a beautiful steed and has a canopy overhead, ultimately he gets buried under the earth-37.

ਕਬੀਰ ਗਰਬੁ ਨ ਕੀਜੀਐ ਊਚਾ ਦੇਖਿ ਅਵਾਸੁ॥ ਆਜੁ ਕਾਲਿ ਭੁਇ ਲੇਟਣਾ ਊਪਰਿ ਜਾਮੈ ਘਾਸੁ॥੩੮॥
Slok No. 38 : O' Kabir ! Take not pride in the high palatial house. Soon one has to be laid underground in a grave that shall be covered with the lowly grass-38

ਕਬੀਰ ਗਰਬੁ ਨ ਕੀਜੀਐ ਰੰਕੁ ਨ ਹਸੀਐ ਕੋਇ॥ ਅਜਹੁ ਸੁ ਨਾਉ ਸਮੁੰਦ੍ਰ ਮਹਿ ਕਿਆ ਜਾਨਉ ਕਿਆ ਹੋਇ॥੩੯॥
Slok No.39: O' Kabir ! pride not in thy wealth and laugh not at the poor penniless. While the life lasts, one never knows when the transitory wealth may change hands-39

ਕਬੀਰ ਗਰਬੁ ਨ ਕੀਜੀਐ ਦੇਹੀ ਦੇਖਿ ਸੁਰੰਗ॥ ਆਜੁ ਕਾਲਿ ਤਜਿ ਜਾਹੁਗੇ ਜਿਉ ਕਾਂਚੁਰੀ ਭੁਯੰਗ॥੪੦॥
Slok No. 40 o'Kabir ! pride not in thy beautiful body. Soon thou shall abondon the body like snake leaving behind the old skin. Soul and body are only temporarily related-40

## Synopsis of Sloks 1-40

There is a mention of the worldly mortals who forsake godliness for the sake of worldliness. The high scholarship, Kingship or immense wealth and land, etc. are only worldly acquisitions that do not free the possessor from worry, fear or doubt nor are such possessors dependable friends, and there is thirst for ever more.The sense of duality keeps the fear and doubt in mind. To get rid of this one needs to devote to godliness exclusively. The outer garb alone is of no consequense. True devotion is the one that can pass the test of Divine touch-stone. Pride not thyself with worldly possessions or even your own body, for all is transitory. (To be Continued)

---

**ਸੂਰਾ ਸਹਾਇਤਾ ਫੰਡ ਲਈ ਪੁੱਜੀ ਸਹਾਇਤਾ**

| | |
|---|---|
| ਸ: ਜਸਬੀਰ ਸਿੰਘ ਪਿਤਾ ਜੀ ਦੀ ਯਾਦ ਵਿਚ | ੫੦੦ਰੁ: |
| ਗੁਪਤ- | ੧੦੦ਰੁ: |
| ਗੁਪਤ- | ੧੦੦ਰੁ: |
| ਸ: ਗੁਰਬਖਸ਼ ਸਿੰਘ | ੧੦ਰੁ: |
| ਸ: ਅਰਜਨ ਸਿੰਘ ਦਸੂਹਾ | ੨੫੧ਰੁ: |
| ਗੁਪਤ | ੨੦ਰੁ: |

**ਫਰੀ ਲਿਟ੍ਰੇਚਰ ਫੰਡ ਲਈ ਪੁੱਜੀ ਸਹਾਇਤਾ**

| | |
|---|---|
| ਬਖਸ਼ੀਸ਼ ਕਮਪਿਊਟਰਜ਼ ਲਖਨਊ | ੫੦੦ਰੁ: |
| ਗੁਪਤ | ੧੦੦ਰੁ: |
| ਗੁਪਤ | ੧੦੦ਰੁ: |
| ਸ: ਦਲਬੀਰ ਸਿੰਘ ਜੀ ਸੋਨੀਪਤ | ੫੧ਰੁ: |



www.AKJ.Org

# ਖ਼ੁਦ ਗਰਜ਼ ਪੰਥਕ ਲੀਡਰਾਂ ਨੂੰ

(ਸੰਤਾ ਸਿੰਘ ਅਜਿਜ਼)

ਖ਼ੁਦ ਗਰਜ਼ ਕੁੱਝ ਲੀਡਰਾਂ ਤੋਂ, ਪੰਥ ਅੱਜ ਬੇਜ਼ਾਰ ਹੈ।
ਮੱਚ ਰਹੀ ਸਿਖ ਜਗਤ ਦਾ ਹਿਰਦੇ ਜਿਹਾ ਹਾਕਾਰ ਹੈ।
ਹਰ ਲੱਬਾਂ ਤੇ ਅੱਜ ਦੁਹਾਈ, ਹਰ ਜਿਗਰ ਤੇ ਜ਼ੱਖਮ ਹੈ
ਡੋਹਲ ਰਹੇ ਹਰ ਨੈਣ ਹੰਝੂ, ਹਰ ਦੁੱਖੀ ਪਰਵਾਰ ਹੈ।
ਪ੍ਰੇਮ ਦਾ ਪਾਵਨ ਪਟੋਲਾ, ਲੀਰਾਂ ਲੀਰਾਂ ਹੋ ਰਿਹਾ।
ਏਕਤਾ ਦੇ ਮਹਿਲ ਦੀ, ਹਰ ਢਹਿ ਰਹੀ ਦੀਵਾਰ ਹੈ।
ਹੋ ਰਹੀ ਬਰਬਾਦ ਹਰ ਮੜੀਹੀ, ਉਲਫਤ ਪਿਆਰ ਦੀ,
ਪਰਸਪਰ ਨਫਰਤ ਅਦਾਵਤ ਦਾ, ਗਰਮ ਬਾਜ਼ਾਰ ਹੈ।
ਟੁੱਟ ਰਹੀ ਡੋਰੀ ਤੇ ਹਰ ਮਾਲਾ ਦੇ ਮੋਤੀ ਕਿਰ ਰਹੇ,
ਗੈਰ ਮੋਤੀ ਚੁੱਣ ਰਹੇ, ਹੁਣ ਰੋਕਣਾਂ ਦੁਸ਼ਾ ਵਾਰ ਹੈ।
ਲੁੱਟ ਰਹੀ ਲਹੂ ਵੀਟਵੀਂ ਘਾਲੀ ਕਮਾਈ ਕੌਮ ਦੀ,
ਲੀਡਰਾਂ ਦੇ ਠਾਠ ਸ਼ਾਹੀ, ਕੈਸ਼, ਕੋਠੀ, ਕਾਰ ਹੈ।
ਕੌਮ ਦੇ ਸਿਰਲੱਥ ਸ਼ਹੀਦਾਂ ਦੀ, ਰਵਾਇਤ ਮਿਟ ਰਹੀ।
ਰ਼ਹਿਤ ਮਰਯਾਦਾ ਦਾ ਵੀ ਰੁੜ੍ਹਦੀ ਜਾਂਦੀ ਸ਼ੋਹ ਮੱਝਧਾਰ ਹੈ।
ਪੰਥ ਲਈ ਮਰਨੇ ਤੋਂ ਡਰਦੇ, ਕੁਰਸੀਆਂ ਲਈ ਮਰ ਰਹੇ।
ਔਹਦਿਆਂ ਲਈ ਲੱੜ ਰਹੇ, ਗੋਲਕ ਲਈ ਤਕੱਰਾਰ ਹੈ।
ਪੰਥ ਨਹੀ ਪਿਆਰਾ ਧੜਾ, ਅਪਨਾ ਪਿਆਰਾ ਬਣ ਗਿਆ।
ਪੰਥ ਦਾ ਪ੍ਰਚਾਰ ਨਹੀ, ਧੜਿਆਂ ਦਾ ਅੱਜ ਪਰਚਾਰ ਹੈ।
ਮੋਰਚੇ, ਜਲਸੇ, ਜਲੂਸਾਂ ਦੇ ਦਿਖਾਵੇ ਕਰ ਰਹੇ।
ਹੋ ਰਹੀ ਬਰਬਾਦ ਜਨ ਸ਼ਕਤੀ ਤੇ ਧੰਨ ਇਕਸਾਰ ਹੈ।
ਲੱਗ ਰਹੇ ਨਾਅਰੇ ਤੇ ਨਾਅਰੇ, ਨਿਤ ਨਵੇਂ ਐਲਾਨ ਨੇ।
ਫਰਜ਼ ਤੇ ਪੈਹਰਾ ਨਹੀ, ਗਾਫਲ ਹੀ ਪ੍ਰਹਿਰੇਦਾਰ ਹੈ।
ਲਾਹ ਰਹੇ ਅੱਜ ਨੀਚ ਦਸਤਾਰਾਂ, ਭਰੇ ਦਰਬਾਰ ਵਿਚ।
ਭੁੱਲ ਰਹੇ ਗੁਰਸਿਖ ਦੇ ਸਿਰ, ਦਸਮੇਸ਼ ਦੀ ਦਸਤਾਰ ਹੈ।
ਆਪਸੀ ਝਗੜੇ ਨਹੀ ਮਿਟਦੇ, ਮਿਟ ਰਿਹਾ ਕੌਮੀ ਵਕਾਰ।
ਸਿਖ ਦੀ ਗਰਦਨ ਕੱਟ ਰਹੀ ਅੱਜ, ਸਿਖ ਦੀ ਤਲਵਾਰ ਹੈ।
ਕੌਮੀ ਫੁੱਲਵਾੜੀ ਉਜਾੜਨ, ਮਸਤ ਹਾਥੀ ਰਾਤ ਦਿਨ।
ਹਾਥੀਆਂ ਨੂੰ ਪਾਲਣਾਂ ਹੁਣ, ਕੌਮ ਲਈ ਦੁਸ਼ਵਾਰ ਹੈ।
ਮਾਣ ਵਿਚ ਮਦਹੋਸ਼ ਲੀਡਰ, ਗੈਰ ਡਾਕੇ ਮਾਰਦੇ
ਆ ਰਹੀ ਸਿਖ ਕੌਮ ਨੂੰ, ਵੰਗਾਰ ਤੇ ਵੰਗਾਰ ਹੈ।
ਮਾਣ ਮੱਤੇ ਲੀਡਰ ਨੂੰ ਕਹਿ ਦਿਉ ਲੱਲਕਾਰ ਕੇ।
ਇਸ ਦਿਲਾਵਰ ਕੌਮ ਦਾ ਹੁਣ, ਰਾਖਾ ਗੁਰ ਕਰਤਾਰ ਹੈ।
ਕੌਮ ਲਈ ਕੁਰਬਾਨ ਹੋ ਜਾਂਦੇ ਨੇ ਕੌਮੀ ਰਹਿਨੁਮਾ।
ਕੌਮ ਨੂੰ ਰੁਸਵਾ ਕਰੇ ਜੋ, ਕੌਮ ਦਾ ਗੱਦਾਰ ਹੈ। (ਬਾਕੀ ਪੰਨਾ ੩੬ ਤੇ)


www.AKJ.Org

# ਆਰਿਆਂ ਹੇਠ ਡੋਲਦੇ ਨਹੀਂ

(ਬਲਵੀਰ ਸਿੰਘ ਬੇਲੀ, ਦੰਦੂਪੁਰੀਆ)

ਸੱਚੀ ਗੱਲ ਸਿਆਣਿਆਂ ਕਹੀ ਬੀਬਾ, ਬਿਨਾਂ ਹਿੰਮਤ ਗੁਲਾਮੀ ਨਹੀਂ ਦੂਰ ਹੁੰਦੀ,
ਜਿੱਥੇ ਏਕਤਾ ਅਤੇ ਪਰਉਪਕਾਰ ਹੋਵੇ, ਉਥੋਂ ਬਦੀ ਬਦਅਮਨੀ ਚੂਰ ਚੂਰ ਹੁੰਦੀ,
ਸਬਰ ਸਿਦਕ ਦੀ ਰੋਟੀ ਭਾਵੇਂ ਹੋਏ ਅੱਧੀ, ਉਹ ਤਾਂ ਮੂਸੇ ਨੂੰ ਜਿਵੇਂ ਕੋਹਿਨੂਰ ਹੁੰਦੀ,
ਝੂਠ ਸੱਜਣਾ ਕਿੰਨਾ ਵੀ ਪ੍ਰਬਲ ਹੋਵੇ, ਜਿੱਤ ਸੱਚ ਦੀ ਆਖਿਰ ਜ਼ਰੂਰ ਹੁੰਦੀ,
ਜਿੰਨਾਂ ਸੱਚ ਦੇ ਰਾਹ ਤੇ ਤੁਰਨ ਸਿਖਿਆ, ਉਹ ਤਾਂ ਮਰ ਜਾਵਣ ਝੂਠ ਬੋਲਦੇ ਨਹੀਂ,
ਡੋਲ ਜਾਏ ਹਿਮਾਲਾ ਇਹ ਤਾਂ ਹੋ ਸਕਦਾ, ਸੱਚੇ ਆਰਿਆਂ ਹੇਠ ਵੀ ਡੋਲਦੇ ਨਹੀਂ॥

ਅਸੀਂ ਭੁੱਲ ਗਏ ਸ਼ੱਚ ਦੇ ਸੰਬਕ ਤਾਈਂ, ਹੁਣ ਤਾਂ ਝੂਠ ਦਾ ਆਸਰਾ ਲੈਣ ਲੱਗ ਪਏ,
ਧੜੇਬਾਜੀਆਂ ਦੇ ਅਸੀਂ ਸ਼ਿਕਾਰ ਹੋ ਗਏ, ਬੁੱਤ ਪੂਜਾ ਦੀ ਮਹਿਫ਼ਲ ਵਿਚ ਬਹਿਣ ਲੱਗ ਪਏ,
ਢੋਲੇ ਗੌਂਦੇ ਪਾਖੰਡ ਦੇ ਥੱਕਦੇ ਨਹੀਂ, ਮਾਰੇ ਫੈਸ਼ਨ ਦੇ ਕੇਸ ਸਿਰੋਂ ਲਹਿਣ ਲੱਗ ਪਏ,
ਹੁਣ ਤਾਂ ਸਿੱਖ ਦਾ ਧਰਮ ਵੀ ਰਿਹਾ ਨਹੀਓਂ, ਲੱਲੂ ਪੰਜੂ ਵੀ ਸਾਡੇ ਮੂੰਹ ਤੇ ਕਹਿਣ ਲੱਗ ਪਏ,
ਦੁੱਧ ਧੋਤਾ ਸੈਂ ਤੂੰ ਇਤਨੇ ਦਾਗ਼ ਪੈ ਗਏ, ਕਲਗੀ ਵਾਲਾ ਪੁੱਛੂ ਕੀ ਜਵਾਬ ਦੇਸੈਂ,
ਪੱਟੀ ਲੇਖਾਂ ਦੀ ਕੀਤੀ ਏ ਸਿਆਹ ਕਾਲੀ, ਰੱਬ ਮੰਗੂ ਲੇਖਾ ਕੀ ਹਿਸਾਬ ਦੇਸੈਂ॥

ਢਾਹੇ ਚੜ੍ਹ ਕੇ ਲੀਡਰਾਂ ਲੋਭੀਆਂ, ਵੋਟਾਂ ਸ਼ਰਾਬ ਦੇ ਬਦਲੇ ਪਾਈ ਜਾਨੈਂ,
ਤੇਰੇ ਪੈਰਾਂ ਤੋਂ ਫੇਰ ਨਹੀਂ ਝੱਲ ਹੋਣੇ, ਜੇਹੜੇ ਕੰਡੇ ਰਾਹ ਆਪਣੇ ਲਾਈ ਜਾਨੈਂ,
ਅੰਮ੍ਰਿਤਧਾਰੀਆ ਅੰਮ੍ਰਿਤ ਜਿਹਾ ਸੱਚ ਛਡਕੇ, ਝੂਠੇ ਠੱਗ ਦੇ ਨਾਹਰੇ ਕਿਉਂ ਲਾਈ ਜਾਨੈਂ,
ਸਿੰਘਾ ਕਾਹਤੋਂ ਕੁਰਬਾਨੀਆਂ ਭੁੱਲ ਬੈਠਾ, ਸੀਸ ਮਰਿਆਂ ਦੇ ਮੂਹਰੇ ਝੁਕਾਈ ਜਾਨੈਂ,
ਜਿੰਨ੍ਹਾਂ ਤਾਈਂ ਸਿਰ੍ਹਾਣੇ ਬਿਠਾ ਰਿਹਾ ਏਂ, ਮੂੰਹੋਂ ਬਹੁਤ ਮਿੱਠੇ ਅੰਦਰੋਂ ਠੱਗ ਸਾਰੇ,
ਮਤਲਬ ਆਪਣੇ ਲਈ ਬਾਪੂ ਆਖਦੇ ਨੇ, ਵੇਲਾ ਲੰਘ ਜਾਏ ਲੌਂਦੇ ਅੱਗ ਸਾਰੇ॥

ਤੈਨੂੰ ਨਸ਼ਿਆਂ ਦਾ ਆਦੀ ਬਣੌਣ ਵਾਲੇ, ਏਹੀ ਚੌਧਰ ਦੇ ਭੁੱਖੇ ਵਿਚਾਰ ਤਾਂ ਸਹੀ,
ਤੈਨੂੰ ਸਿੱਖੀ ਤੋਂ ਬੇਮੁਖ ਬਣੌਣ ਵਾਲੇ, ਉਹਨਾਂ ਟੋਡੀਆਂ ਨੂੰ ਜਰਾ ਵੰਗਾਰ ਤੇ ਸਹੀ,
ਤੇਰੇ ਪੈਰਾਂ ਤੇ ਝੁਕੂ ਜਹਾਨ ਸਾਰਾ, ਹਿੰਮਤ ਨਾਲ ਤੂੰ ਪੈਰ ਪਸਾਰ ਤੇ ਸਹੀ,
ਧੰਦੇ ਛੱਡ ਦੇ ਝੂਠ ਫ਼ਰੇਬ ਵਾਲੇ, ਕਰ ਕੇ ਵੇਖ ਤਾਂ ਕੋਈ ਉਪਕਾਰ ਤੇ ਸਹੀ,
ਤੇਰੇ ਕੰਡ ਤੇ ਥਾਪੀ ਦਸਮੇਸ਼ ਦੀ ਏ, ਪਰ ਤੂੰ ਸਿੱਖੀ ਵਿਚ ਰਹੀਂ ਪਰਪੱਕ ਸਿੱਖਾ,
ਕੌਮ ਬੇਲੀਆ ਤੇਰੇ ਤੇ ਮਾਣ ਕਰਦੀ, ਆਪਾ ਵਾਰ ਕੇ ਲਿਆ ਤੂੰ ਹੱਕ ਸਿੱਖਾ।

ਜਿਨ੍ਹਾਂ ਜਾਮ ਇਲਾਹੀ ਪੀਤਾ, ਲੈਂਦੇ ਪ੍ਰੇਮ ਹੁਲਾਰੇ।
ਦੇਗ ਉਬਲਦੀ ਵਿਚ ਬਹਿ ਹੱਸਣ, ਸਿਰ ਚਲਵਾ ਕੇ ਆਰੇ।
ਰੰਬੀਆਂ ਨਾਲ ਲੁਹਾ ਕੇ ਖੋਪਰ, ਮੁਖੋਂ ਇਹ ਉਚਾਰਣ।
ਰਾਜ ਨ ਚਾਹਉਂ ਮੁਕਤਿ ਨ ਚਾਹਉਂ, ਮਨਿ ਪ੍ਰੀਤ ਚਰਨ ਕਮਲਾਰੇ।


www.AKJ.Org

ਹਰਿ ਹਰਿ ਨਾਮੁ ਜਪਹਿ ਆਰਾਧਹਿ ਸੇਵਕ ਭਾਇ ਖਰੇ ॥
ਕਿਲਬਿਖ ਦੋਖ ਗਏ ਸਭ ਨੀਕਰਿ ਜਿਉ ਪਾਨੀ ਮੈਲੁ ਹਰੇ ॥੧॥
ਖਿਨੁ ਖਿਨੁ ਨਰੁ ਨਾਰਾਇਨੁ ਗਾਵਹਿ ਮੁਖਿ ਬੋਲਹਿ ਨਰ ਨਰਹਰੇ॥
ਪੰਚ ਦੋਖ ਅਸਾਧ ਨਗਰ ਮਹਿ ਇਕੁ ਖਿਨੁ ਪਲੁ ਦੂਰਿ ਕਰੇ ॥੨॥(੪॥੧)

(ਨਟ ਨਾਰਾਇਨ ਮ: ੪, ਪੰਨਾ ੯੭੫)

ਭਾਵ ਅਰਥ- ਵਾਹਿਗੁਰੂ ਦਾ ਨਾਮ ਦਿਨ ਰਾਤ ਜਪਿਆਂ ਕ੍ਰੋੜਹਾ ਕ੍ਰੋੜ ਦੋਖ ਪਾਪ ਕੀਤੇ ਸਭਿ ਪਰਹਰੇ ਜਾਂਦੇ ਹਨ ਅਤੇ ਲਾਹ ਕੇ ਲਾਂਭੇ ਧਰੇ ਜਾਂਦੇ ਹਨ। ਅਰਥਾਤ ਕੋਟ ਦੋਖ ਪਾਪ ਕੀਤੇ ਇਕ ਖਿਨ ਵਿਚਿ ਹੀ ਉਤਰ ਜਾਂਦੇ ਹਨ। ਪਰ ਦਿਨ ਰਾਤ ਇਕਿ ਕੀਤਿਆਂ ਨਾਮ ਅਭਿਆਸ ਵਿਚਿ ਇਕ ਨਿਮਖ ਦਾ ਖਲਾ ਨਾ ਪੈਣ ਦਿਤਾ ਜਾਵੇ। ਰਾਤ ਦਿਨੇ ਅਤੁਟ ਅਭਿਆਸ ਕਮਾਈ ਕੀਤੀ ਜਾਵੇ। ਜਿਹੜੇ ਗੁਰਮੁਖਿ ਅਭਿਆਸੀ ਜਨ ਸਿਖ ਸੇਵਕ ਨਾਮ ਦੀ ਖਰੀ ਅਭਿਆਸ ਸੇਵਾ ਭਾਵਨਾ ਕਰ ਕੇ ਵਾਹਿਗੁਰੂ ਨਾਮ ਨੂੰ ਜਪਦੇ ਆਰਾਧਦੇ ਹਨ, ਓਹਨਾਂ ਦੇ ਜਨਮ ਜਨਮਾਤਰਾਂ ਦੇ ਕਿਲਵਿਖ ਰੋਗ ਪਾਪ ਸਭ ਐਉਂ ਨਿਕਲ ਜਾਂਦੇ ਹਨ ਜਿਉਂ ਪਾਣੀ ਮੈਲ ਨੂੰ ਧੋ ਸਿਟਦਾ ਹੈ। ਜੋ ਜਨ ਸ਼ਰਧਾ ਭਾਵਨੀ ਸਹਿਤ ਖਿਨ ਖਿਨ ਵਾਹਿਗੁਰੂ ਨਾਮ ਹੀ ਮੁਖੋਂ ਉਚਾਰਨ ਕਰਦੇ ਰਹਿੰਦੇ ਹਨ ਅਤੇ ਹਰ ਦਮ ਵਾਹਿਗੁਰੂ ਅਤੇ ਵਾਹਿਗੁਰੂ ਨਾਮ ਦਾ ਜਸ ਹੀ ਗਾਵੰਦੇ ਰਹਿੰਦੇ ਹਨ, ਓਹਨਾਂ ਦੀ ਦੇਹੀ ਸਰੀਰ ਅੰਦਰੋਂ ਪੰਚ ਅਸਾਧ ਰੋਗ ਕਾਮ ਕ੍ਰੋਧ ਮੋਹ ਅਤੇ ਅਹੰਕਾਰ ਇਕ ਖਿਨ ਪਲ ਵਿਚਿ ਦੂਰ ਹੋ ਜਾਂਦੇ ਹਨ।

ਵਾਹਿਗੁਰੂ ਦਰਸ ਮਿਲਾਪ ਦੀ ਤਾਂਘ ਹੀ ਅੰਦਰੋਂ ਕਰੋਧ ਨੂੰ ਮਾਰਿ ਨਿਵਾਰ ਦਿੰਦੀ ਹੈ, ਹਉਮੈ ਮਮਤਾ ਨੂੰ ਸਾੜ ਦਿੰਦੀ ਹੈ ਅਤੇ ਸਦ-ਨਵਰੰਗੀਆ ਪ੍ਰੇਮ ਰਗੋ ਰੇਸ਼ੇ ਵਿਚਿ ਭਰ ਦਿੰਦੀ ਹੈ। ਉਸ ਦਾ ਸਿਮਰਨ ਤਾਂ ਅਤਿਅੰਤ ਕਉਤਕ ਕਟਾਕਸ਼ੀ ਹੈ ਅਤੇ ਕੋਟਿ ਕਲਪ ਕੇ ਦੂਖ ਨਿਵਾਰਨਹਾਰਾ ਹੈ। ਯਥਾ ਗੁਰਵਾਕ –

ਹਰਿ ਬਿਨੁ ਕਿਉ ਧੀਰੈ ਮਨੁ ਮੇਰਾ ॥
ਕੋਟਿ ਕਲਪ ਕੇ ਦੂਖ ਬਿਨਾਸਨ ਸਾਚੁ ਦ੍ਰਿੜਾਇ ਨਿਬੇਰਾ ॥੧॥ਰਹਾਉ॥
ਕ੍ਰੋਧੁ ਨਿਵਾਰਿ ਜਲੇ ਹਉ ਮਮਤਾ ਪ੍ਰੇਮੁ ਸਦਾ ਨਉਰੰਗੀ ॥
ਅਨ ਭਉ ਬਿਸਰਿ ਗਏ ਪ੍ਰਭੁ ਜਾਚਿਆ ਹਰ ਨਿਰਮਾਇਨੁ ਸੰਗੀ ॥੧॥
ਚੰਚਲ ਮਤਿ ਤਿਆਗਿ ਭਉ ਭੰਜਨੁ ਪਾਇਆ ਏਕ ਸਬਦਿ ਲਿਵ ਲਾਗੀ ॥
ਹਰਿ ਰਸੁ ਚਾਖਿ ਤ੍ਰਿਖਾ ਨਿਵਾਰੀ ਹਰਿ ਮੇਲਿ ਲਏ ਬਡਭਾਗੀ ॥੨॥(੮॥੨)

(ਸਾਰੰਗ ਮ: ੧, ਪੰਨਾ ੧੨੩੨-੩੩)

ਵਿਆਖਿਆ – ਵਾਹਿਗੁਰੂ ਨਾਮ ਦੇ ਸਿਮਰਨ ਨਾਲਿ ਜੇ ਐਸਾ ਹੇਜ ਪੈ ਜਾਵੇ ਕਿ ਉਸ ਦੇ ਸਿਮਰਨ ਬਾਝੋਂ ਇਕ ਛਿਨ ਭੀ ਚੈਨ ਨਾ ਆਵੇ, ਨਾ ਮਨੁ ਧੀਰਜ ਧਰੇ, ਐਸੀ ਵੇਦਨ ਬਿਰਹਾ ਦੀ ਦਸ਼ਾ ਵਿਚਿ ਸਿਮਰਿਆ ਜਪਿਆ ਅਰਾਧਿਆ ਹੋਇਆ ਨਾਮੁ ਕ੍ਰੋੜਾਂ ਜੁਗਾਂ ਦੇ ਦੁਖਾਂ ਪਾਪਾਂ ਨੂੰ ਦੂਰ ਕਰਨਹਾਰਾ ਹੈ। ਪਰ ਇਹ ਨਿਬੇੜਾ ਕਰੋੜ ਜੁਗਾਂ ਦੇ ਦੁਖਾਂ ਪਾਪਾਂ ਨੂੰ ਦੂਰ ਕਰਨਹਾਰਾ ਤਾਂ ਹੀ ਹੁੰਦਾ ਹੈ ਜੇ ਸਤਿਗੁਰੂ ਸਾਚੁ ਨੂੰ ਸੱਚੇ ਨਾਮ ਨੂੰ ਦ੍ਰਿੜ੍ਹਾਇ ਦਿੰਦੇ ਹਨ। ਗੁਰਮਤਿ ਨਾਮ ਦ੍ਰਿੜ੍ਹ ਹੋਣ ਪਰ ਹੀ ਨਾਮ ਦਾ ਦੁਖ-ਨਿਵਾਰਨੀ ਖੰਡਾ ਖੜਕਦਾ ਹੈ। ਐਸਾ ਦੁਖ-ਨਿਵਾਰਨੀ ਕਿ ਕ੍ਰੋੜਾਂ ਜਨਮਾਂ ਦੇ ਪਾਪ-ਕਰਮਾਂ ਨੂੰ ਇਕ ਛਿਨ ਵਿਚ ਛੈ ਕਰ ਦਿੰਦਾ ਹੈ। ਸਾਚ ਨਾਮ ਦ੍ਰਿੜ੍ਹੰਮਤੀ ਸਿਮਰਨ ਖੜਗ ਖੰਡਾ ਚਲਣ ਪਰ ਕਾਮ ਕ੍ਰੋਧ ਆਦਿਕ ਤਾਂ ਸੁਖੇਨ ਹੀ ਪਹਿਲੀ ਸੱਟੇ ਸੜ ਕੇ ਸੁਆਹ ਹੋ ਜਾਂਦੇ ਹਨ ਅਤੇ ਹਉਮੈ ਮਮਤਾ ਭੀ ਦਘਧ ਹੋ ਜਾਂਦੀ ਹੈ। ਅਤੇ ਸਦ ਨਵ-ਰੰਗੀਆਂ ਪਰਮਾਰਥੀ ਪ੍ਰੇਮ ਅੰਦਰੋਂ ਉਗਵ ਖੜੋਂਦਾ ਹੈ। ਅਤੇ ਵਾਹਿਗੁਰੂ ਦੀ ਯਾਚਨਾ ਰੂਪੀ ਅਰਾਧਨਾ ਕਰਿਆਂ ਹੋਰ ਸਾਰੇ ਭਉ ਵਿਸਰ ਜਾਂਦੇ ਹਨ। ਇਕ ਵਾਹਿਗੁਰੂ ਦਾ ਭੈ-ਭਾਉ ਹੀ ਅੰਦਰਿ ਰਮ ਜਾਂਦਾ ਹੈ। ਸਾਰੇ ਭਉ ਸੰਸੇ ਵਿਸਰ ਜਾਣ ਤੋਂ ਪਿਛੋਂ ਅਤੇ ਸਾਰੇ ਸੰਕਲਪ ਵਿਕਲਪ ਮਿਟ ਜਾਣ ਤੋਂ ਪਸਚਾਤ ਹਿਰਦਾ-ਕੰਵਲ ਸ਼ੀਸ਼ੇ ਵਾਂਗੂੰ ਸਾਫ਼ ਹੋ ਜਾਂਦਾ


www.AKJ.Org

ਹੈ। ਐਸੇ ਸਾਫ਼ ਹੋ ਜਾਂਦਾ ਹੈ। ਐਸੇ ਸਾਫ਼ ਹਿਰ੍ਦੇ ਚੋਂ ਉਪਜੀ ਹੋਈ ਵਾਹਿਗੁਰੂ ਦਰਸ-ਮਿਲਾਪ ਦੀ ਯਾਚਨਾ ਅਰਦਾਸ ਕੀਤੀ ਹੋਈ ਕਦੇ ਬਿਰਥੀ ਨਹੀਂ ਜਾਂਦੀ। ਕਦੇ ਸਹਿਜੇ ਹੀ ਮਾਇਲ ਨਾ ਹੋਣ ਵਾਲੇ (ਨਾ ਪਸੀਜਣ ਵਾਲੇ) ਵਾਹਿਗੁਰੂ (ਹਰੀ ਪਰਮਾਤਮਾ) ਨੂੰ ਮਾਇਲ ਕਰ ਲੈਂਦੀ ਹੈ, ਰੀਝਾਇ ਲੈਂਦੀ ਹੈ। ਵਾਹਿਗੁਰੂ ਪ੍ਰੀਤਮ ਐਸਾ ਰੀਝਦਾ ਹੈ ਕਿ ਪ੍ਰੇਮੀ ਜਨ, ਦਰਸ਼ਨ ਆਸ਼ਕ ਮੁਸਕਾਰੜੇ ਪ੍ਰੇਮੀ ਜਨ ਦੇ ਅੰਗ ਸੰਗ ਵਰਤ ਕੇ ਓਤਿ ਪੋਤਿ ਇਕ ਮਿਕਿ ਹੋਇ ਕੈ ਰੇਲ ਮੇਲ ਕੇਲ ਕਰਨ ਲਗ ਪੈਂਦਾ ਹੈ। ਪ੍ਰੀਤਮ ਪ੍ਰੇਮੀ ਇਕ ਮਿਕਿ ਹੋ ਜਾਂਦੇ ਹਨ। ਚੰਚਲ ਮਤਿ ਤਿਆਗ ਕੇ ਹੀ ਭਾਉ-ਭੰਜਨ ਪ੍ਰੀਤਮ ਵਾਹਿਗੁਰੂ ਨੂੰ ਪਾਇਆ ਜਾਂਦਾ ਹੈ। ਨਿਰਾ-ਪੁਰਾ ਚੰਚਲ ਮਤੀ ਨਿਆਣਿਆਂ ਦਾ ਕੁਛ ਨਹੀਂ ਬਣਦਾ। "ਏਕ ਸਬਦਿ ਲਿਵ ਲਾਗੀ", ਏਕ ਸ਼ਬਦ ਗੁਰਮਤਿ ਨਾਮ ਗੁਰਮੰਤ੍ਰ ਦੀ ਅਭਿਆਸ ਕਮਾਈ ਕੀਤਿਆਂ ਹੀ ਪ੍ਰੀਤਮ ਪਰਮਾਤਮਾ ਨਾਲਿ ਸੱਚੀ ਗਹਿ ਗਡਵੀਂ ਲਿਵ ਲਗਦੀ ਹੈ। ਲਿਵ ਲਗਿਆਂ ਹੀ ਸੱਚੜਾ ਹਰਿ-ਰਸ ਚੱਖਦੀ ਹੈ। ਹਰਿ ਰਸੁ ਚੱਖੇ ਤੋਂ ਹੀ ਆਨ ਰਸਾਂ ਦੀ ਤ੍ਰਿਖਾ (ਤ੍ਰਿਸ਼ਨਾ) ਨਿਵਾਰੀ ਜਾਂਦੀ ਹੈ। ਐਸੇ ਵਡ-ਭਾਗੀਆਂ ਨੂੰ ਆਪੇ ਹੀ ਮੇਲ ਲੈਂਦਾ ਹੈ ਮੇਲਣਹਾਰ ਗੁਰੂ ਕਰਤਾਰ।

ਭਉ ਭਾਗਾ ਨਿਰਭਉ ਮਨਿ ਬਸੈ॥ ਅੰਮ੍ਰਿਤ ਨਾਮੁ ਰਸਨਾ ਨਿਤ ਜਪੈ॥੩॥
ਕੋਟਿ ਜਨਮ ਕੇ ਕਾਟੇ ਫਾਹੇ॥ ਪਾਇਆ ਲਾਭੁ ਸਚੁ ਧਨੁ ਲਾਹੇ ॥
ਤੋਟਿ ਨ ਆਵੈ ਅਖੁਟ ਭੰਡਾਰ ॥ ਨਾਨਕ ਭਗਤ ਸੋਹਹਿ ਹਰਿ ਦੁਆਰ ॥੪॥੨੩॥੩੪॥
(ਰਾਮਕਲੀ ਮ: ੫, ਪੰਨਾ ੮੯੩)

ਭਾਵ– ਨਿਰਭਉ ਨਿਰੰਕਾਰ ਵਾਹਿਗੁਰੂ ਜਦੋਂ ਮਨ ਵਿਚ ਆ ਵਸਦਾ ਹੈ ਤਾਂ ਜਨਮ ਮਰਨ ਦਾ ਭਉ ਭੱਜ ਜਾਂਦਾ ਹੈ, ਦੂਰ ਹੋ ਜਾਂਦਾ ਹੈ। "ਜੈਸਾ ਸੇਵੇ ਤੈਸਾ ਹੋਇ" ਗੁਰਵਾਕ ਅਨੁਸਾਰ ਨਿਰਭਉ ਨਾਮ ਦਾ ਜਾਪ-ਅਭਿਆਸ ਨਿਰਭਉ ਵਾਹਿਗੁਰੂ ਵਿਚਿ ਲੀਨ ਕਰ ਦਿੰਦਾ ਹੈ। ਜੀਭ ਅੰਮ੍ਰਿਤ ਨਾਮ ਦਾ ਨਿਤਾਪ੍ਰਤਿ ਜਾਪ ਕਰਨ ਵਿਚਿ ਗਿੱਝ ਜਾਂਦੀ ਹੈ। ਇਉਂ ਨਾਮ ਜਪਣ ਵਾਲੇ ਦੇ ਕੋਟਿ ਜਨਮਾਂ ਦੇ ਪਾਪ-ਕਰੰਮੀ ਫਾਹੇ ਕੱਟੇ ਜਾਂਦੇ ਹਨ। ਨਿਰਸੰਦੇਹ ਕੱਟੇ ਜਾਂਦੇ ਹਨ। ਸੱਚਾ-ਧਨ, ਲਾਹੇ ਵਾਲਾ ਸੱਚਾ ਲਾਭ ਇਉਂ ਮਿਲ ਜਾਦਾ ਹੈ। ਸੱਚੇ ਨਾਮ-ਧਨ ਦੇ ਐਸੇ ਅਖੁੱਟ ਲਾਹੇ ਮਿਲਦੇ ਹਨ। ਜਿਨ੍ਹਾਂ ਦੀ ਕਦੇ ਤੋਟ ਹੀ ਨਹੀਂ ਆਉਂਦੀ। ਅਖੁੱਟ ਭੰਡਾਰੇ ਭਰੇ ਰਹਿੰਦੇ ਹਨ।

ਕੋਟਿ ਜਨਮ ਕੇ ਕਿਲਬਿਖ ਨਾਸੇ ਹਰਿ ਚਰਣੀ ਚਿਤੁ ਲਾਏ ॥੨॥(੪॥੩॥੫੩)
(ਸੋਰਠਿ ਮ: ੫, ਪੰਨਾ ੬੨੨)

ਵਾਹਿਗੁਰੂ ਨਾਮ ਜਪਦਿਆਂ ਜਪਦਿਆਂ ਵਾਹਿਗੁਰੂ ਦੇ ਚਰਨਾਂ ਨਾਲਿ ਹੀ ਚਿਤ ਜੁੜ ਜਾਏ। ਜਦੋਂ ਐਸਾ ਚਿਤ ਚਰਨ ਜੁੜੰਨਾ ਅਭਿਆਸ ਕਮਾਇਆ ਜਾਂਦਾ ਹੈ ਤਦੋਂ ਕੋਟਾਨ ਕੋਟ ਕ੍ਰੋੜਾਂ ਹੀ ਜਮਨਾਂ ਦੇ ਕਮਾਤੇ ਘੋਰ ਪਾਪ ਸਭ ਬਿਨਾਸ ਹੋ ਜਾਂਦੇ ਹਨ। ਸਭਨਾਂ ਕਿਲਵਿਖਾਂ ਅਤੇ ਘੋਰ ਪਾਪਾਂ ਕਰਮਾਂ ਦਾ ਨਾਸ ਹੋ ਜਾਂਦਾ ਹੈ।

ਕੋਟਿ ਜਨਮ ਕੇ ਕਿਲਬਿਖ ਨਾਸਹਿ
ਸਿਮਰਤ ਪਾਵਨ ਤਨ ਮਨ ਸੁਖ ॥੧॥ (੨॥੧੦॥੨੯) (ਟੋਡੀ ਮ: ੫, ਪੰਨਾ ੭੧੭)

ਵਾਹਿਗੁਰੂ ਨਾਮ ਦੇ ਸਿਮਰਨ ਦੁਆਰਾ ਕ੍ਰੋੜਾਂ ਜਨਮਾਂ ਦੇ ਘੋਰ ਅਤਿਆਚਾਰੀ ਪਾਪ ਕਰਮ ਨਾਸ ਹੋ ਜਾਂਦੇ ਹਨ ਅਤੇ ਨਾਮ ਸਿਮਰਨਹਾਰਿਆਂ ਦੇ ਤਨ ਤੇ ਮਨ ਪਵਿੱਤਰ (ਪਾਵਨ) ਹੋ ਜਾਂਦੇ ਹਨ ਤੇ ਸੁਖ ਦਾ ਸਰੂਪ ਹੀ ਬਣ ਜਾਂਦੇ ਹਨ।

ਕੋਟਿ ਪਰਾਧ ਖਿਨ ਮਹਿ ਖਉ ਭਈ ਹੈ
ਗੁਰ ਮਿਲਿ ਹਰਿ ਹਰਿ ਕਹਿਆ ॥ ੧॥ (੨॥੨੪॥੪੭) (ਸਾਰੰਗ ਮ: ੫, ਪੰਨਾ ੧੨੧੩)

ਗੁਰੂ ਦੁਆਰਾ ਸੱਚਾ ਗੁਰਮਤਿ ਨਾਮ ਪ੍ਰਾਪਤਿ ਹੋਣ ਪਰ ਜਾਂ ਗੁਰਮਤਿ ਨਾਮ ਅਭਿਆਸ ਕੀਤਾ ਤਾਂ ਕੋਟਿ ਕ੍ਰੋੜਾਂ ਹੀ ਅਪਰਾਧ-ਕਰਮ ਕੀਤੇ ਇਕ ਖਿਨ ਵਿਚ ਖੈ ਹੋ ਗਏ ਹਨ। "ਗੁਰ ਮਿਲਿ ਹਰਿ ਹਰਿ ਕਰਿਆ" ਦਾ ਭਾਵ ਹੈ, ਗੁਰੂ ਨੂੰ ਮਿਲ ਕੇ ਅਤੇ ਗੁਰੂ ਤੋਂ ਦੀਖਿਆ ਲੈ ਕੇ ਜੋ ਨਾਮ ਅਭਿਆਸ ਨਾਮ ਜਪਣਾ ਸਿਖਿਆ, ਉਸ ਗੁਰ-ਸਿਖਿਆ ਵਾਲਾ ਸ਼ਬਦ ਗੁਰਮਤਿ ਨਾਮ ਭਾਖਿਆ ਹੀ ਫਲੀਭੂਤ ਹੁੰਦਾ ਹੈ। ਗੁਰੂ-ਧਾਰਨ ਕਰਨ ਦੀ


www.AKJ.Org

ਗੁਰਮਤਿ ਰੀਤੀ ਦਾ ਧੁਰਵਾ ਗੁਰੂ ਦਸਮੇਸ਼ ਪਾਤਸ਼ਾਹ ਨੇ ਜੁਗਾਂ ਜੁਗਾਂਤਰਾਂ ਲਈ ਬੰਨ੍ਹ ਦਿਤਾ। ਤਿਆਰ-ਬਰ-ਤਿਆਰ ਪੰਜ ਗੁਰੂ ਕੇ ਸਿਖ ਗੁਰਮੁਖ ਪਿਆਰਿਆਂ ਗੁਰੂ ਸਰੂਪ ਪੰਜਾਂ ਪਿਆਰਿਆਂ ਦੁਆਰਾ ਸਿਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਤਾਬਿਆ ਜਿਸ ਕਿਸੇ ਅਧਿਕਾਰੀ ਜਗਿਆਸੂ ਨੇ ਖੰਡੇ ਦਾ ਅੰਮ੍ਰਿਤ ਛਕਿਆ ਹੈ ਅਤੇ ਸੱਚੇ ਗੁਰਮਤਿ ਨਾਮ ਮਈ ਗੁਰਮੰਤ੍ਰੀ ਗੁਰਦੀਖਿਆ ਲਈ ਹੈ, ਉਸੇ ਰਹਿਣੀ ਬਹਿਣੀ ਵਾਲੇ ਤਿਆਰ-ਬਰ-ਤਿਆਰ ਗੁਰਮੁਖ ਗੁਰਸਿਖ ਦਾ ਨਾਮ ਜਪਿਆਂ, ਗੁਰਮਤਿ ਨਾਮ ਜਪਿਆ ਹੀ ਫਲੀਭੂਤ ਹੁੰਦਾ ਹੈ। ਨਿਗੁਰੇ ਗੁਰੂ ਹੀਣੇ ਮੀਣੇ ਮਨਮੁਖ ਦਾ ਨਾਮ ਜਪਿਆ ਕਿਸੇ ਲੇਖੇ ਨਹੀਂ। ਉਸ ਨੂੰ ਕੋਈ ਫਲ ਨਹੀਂ ਲਗਦਾ। ਉਹ ਗੁਰਮਤਿ ਨਾਮ ਹੀ ਨਹੀਂ। ਉਹ ਗੁਰ-ਸ਼ਬਦ ਹੀ ਨਹੀਂ। ਗੁਰ ਕਾ ਸ਼ਬਦ ਸੋ ਹੈ, ਜੋ ਗੁਰੂ ਦੁਆਰਾ, ਗੁਰੂ ਦਸਮੇਸ਼ ਦੱਸੀ ਰੀਤੀ ਦੁਆਰਾ ਜਗਿਆਸੂ ਨੂੰ ਪ੍ਰਾਪਤਿ ਹੁੰਦਾ ਹੈ। ਇਹੋ ਗੁਰਮਤਿ ਨਾਮ ਕਾ ਸਬਦ ਕੋਟਿ ਕਰਮ ਕੱਟਣ ਨੂੰ ਸਮਰੱਥ ਹੈ। "ਗੁਰ ਕਾ ਸਬਦੁ ਕਾਟੈ ਕੋਟਿ ਕਰਮ॥" ਕੇਵਲ ਗੁਰ ਕਾ ਸ਼ਬਦ ਅਰਥਾਤ ਗੁਰੂ ਦੁਆਰਾ ਦੀਖਸ਼ਾਇਆ ਸ਼ਬਦ ਗੁਰਮੰਤਰ ਗੁਰਮਤਿ ਨਾਮ ਹੀ ਹੈ ਜੋ ਕੋਟਿ ਕਰਮਾਂ ਦੇ ਕਟਣ ਨੂੰ ਸਮਰੱਥ ਹੈ। ਕੋਟ ਜਨਮਾਂ ਦੇ ਪਾਪ ਕਰਮਾਂ ਨੂੰ ਕਟਣਹਾਰਾ ਕੇਵਲ ਗੁਰ ਕਾ ਸ਼ਬਦ ਗੁਰਮੰਤ੍ਰ ਹੀ ਹੈ। ਹੋਰ ਕੋਈ ਐਰਾ ਗੈਰਾ ਨਿਗੁਰਿਆਂ ਮੁਖੋਂ ਪਪ ਪਪ ਕਹੇਰਾ, ਬੁੱਧੂ ਖੇਰਾ ਨਾਮ ਨਹੀਂ।

ਮਨ ਮੇਰੇ ਗੁਰ ਸਰਣਿ ਆਵੈ ਤਾ ਨਿਰਮਲੁ ਹੋਇ ॥
ਮਨਮੁਖ ਹਰਿ ਹਰਿ ਕਰਿ ਥਕੇ ਮੈਲੁ ਨ ਸਕੀ ਧੋਇ ॥੧॥ ਰਹਾਉ ॥

੪॥੩੩॥੩੧ (ਸਿਰੀ ਰਾਗੁ ਮ: ੩, ਪੰਨਾ ੩੯)

ਆਪਣੇ-ਹੁਦਰੋਂ ਮੂੰਹ ਮਾਰਿਆ ਨਾਮ ਬਥੇਰੇ ਗਿਗੁਰੇ ਆਖਦੇ ਫਿਰਦੇ ਹਨ। ਪਰ ਉਹਨਾਂ ਦੇ ਆਪੋਂ ਮੂੰਹੋਂ ਆਖਿਆ ਨਾਮ ਕੀ ਅਰਥ ਰਖਦਾ ਹੈ?

ਰਾਮ ਰਾਮ ਸਭੁ ਕੋ ਕਹੈ ਕਹਿਐ ਰਾਮੁ ਨ ਹੋਇ ॥
ਗੁਰ ਪਰਸਾਦੀ ਰਾਮੁ ਮਨਿ ਵਸੈ ਤਾ ਫਲੁ ਪਾਵੈ ਕੋਇ ॥

(੪॥੪॥੬) (ਗੂਜਰੀ ਮ: ੩, ਪੰਨਾ ੮੯੧)

ਸਭ ਕੋਈ ਰਾਮ ਰਾਮ ਆਪ-ਹੁਦਰਾ ਹੀ ਕਹਿੰਦਾ ਫਿਰਦਾ ਹੈ। ਜਿਤਨੀ ਮੂੰਹ ਭਾਖਿਆ ਉਤਨਾ ਹੀ ਰਾਮ ਆਖਿਆ। ਇਉਂ ਆਪ ਕਹਿਆ ਕਦੇ ਜਪਣ ਜੋਗ ਗੁਰਮਤਿ ਟਕਸਾਲੀ ਨਾਮ ਬਣ ਸਕਦਾ ਹੈ? ਕਦੇ ਰਾਮ ਹੋ ਸਕਦਾ ਹੈ? ਕਦੇ ਨਹੀਂ। "ਗੁਰ ਪਰਸਾਦੀ ਰਾਮੁ ਮਨਿ ਵਸੈ" ਗੁਰੂ ਕੇ ਪਰਸਾਦ ਕਰਿ, ਗੁਰ ਦੀਖਿਆ ਦੇ ਪਰਸਾਦ ਕਰਕੇ ਗੁਰਮਤਿ ਦੀ ਸੱਚੀ ਟਕਸਾਲੋਂ ਨਿਕਲਿਆ ਨਾਮ ਹੀ ਜਪਣ ਜੋਗ ਨਾਮ ਹੈ। ਗੁਰ ਪ੍ਰਸਾਦੀ ਹੀ ਇਹ ਗੁਰਮਤਿ ਨਾਮ ਅੰਦਰਿ ਵਸਦਾ ਹੈ। ਗੁਰ ਪ੍ਰਸਾਦੀ ਨਾਮ ਜਪਣ ਵਾਲਿਆਂ ਦੇ ਮਨ ਅੰਦਰਿ ਵਸਣ ਕਰਕੇ ਹੀ ਨਾਮ ਫਲੀਭੂਤ ਹੁੰਦਾ ਹੈ। ਗੁਰ ਪ੍ਰਸਾਦੀ ਪ੍ਰਾਪਤਿ ਹੋਏ ਨਾਮ ਦੀ ਕਮਾਈ ਕੀਤਿਆਂ ਹੀ ਤੱਤ ਫਲ ਦੀ ਪ੍ਰਾਪਤੀ ਹੁੰਦੀ ਹੈ। ਗੁਰ ਪ੍ਰਸਾਦੀ ਪ੍ਰਾਪਤਿ ਹੋਇਆ ਨਾਮ ਹੀ ਗੁਰ ਕਾ ਸ਼ਬਦ ਹੈ। ਇਹ ਗੁਰ ਸ਼ਬਦ ਹੀ ਕੋਟਿ ਕਰਮ ਕੱਟਣ ਨੂੰ ਸਮਰੱਥ ਹੈ। ਹੋਰ ਕੋਈ ਆਨਮਤ ਨਾਮ, ਕਿਰਤਮ ਨਾਮ ਕਰਮਾਂ ਨੂੰ ਪਾਪਾਂ ਨੂੰ ਨਹੀਂ ਕੱਟ ਸਕਦਾ। ਇਹ ਫ਼ੈਸਲਾ ਹੈ, ਧੁਰ ਦਾ ਫ਼ੈਸਲਾ ਕਰਕੇ ਜਾਣੋ ਸੱਚ।

ਸਿਮਰਤ ਨਾਮੁ ਮਨਹਿ ਸਾਧਾਰੈ॥
ਕੋਟਿ ਪਰਾਧੀ ਖਿਨ ਮਹਿ ਤਾਰੈ ॥੧॥ (੪॥੧) (ਕਾਨੜਾ ਮ: ੫, ਪੰਨਾ ੧੨੯੮)

ਭਾਵ— ਮਨ ਬਚਨ ਕਰਮ ਕਰਕੇ ਸਹਿਤ ਆਧਾਰ ਦੇ ਕੀਤਾ ਹੋਇਆ ਇਕ ਖਿਨ ਮਾਤਰੀ ਨਾਮ ਸਿਮਰਨ ਕੋਟਿ ਅਪ੍ਰਾਧੀਆਂ ਪਾਪੀਆਂ ਨੂੰ ਤਾਰ ਦਿੰਦਾ ਹੈ। ਇਕ ਖਿਨ ਵਿਚ ਤਾਰ ਦਿੰਦਾ ਹੈ। ਕੋਟਿ ਅਪਰਾਧ ਅਤੇ ਪਾਪ-ਕਰਮ ਭੀ ਜਿਸ ਪ੍ਰਾਣੀ ਨੇ ਕੀਤੇ ਹੋਏ ਹੋਣ, ਉਸ ਨੂੰ ਮਨਹਿ ਸਾਧਾਰੀ ਨਾਮ ਸਿਮਰਨ ਇਕ ਖਿਨ ਮਾਤਰ ਦਾ ਕੀਤਾ ਹੋਇਆ ਨਿਰਸੰਦੇਹ ਹੀ ਤਾਰ ਦਿੰਦਾ ਹੈ।


www.AKJ.Org

ਕੋਟਿ ਪਰਾਧ ਮਹਾ ਅਕ੍ਰਿਤਘਨ ਬਹੁਰਿ ਬਹੁਰਿ ਪ੍ਰਭ ਸਹੀਐ ...॥੨॥੧੭॥

(ਦੇਵਗੰਧਾਰੀ ਮ: ੫, ਪੰਨਾ ੫੩੧)

ਵਾਹਿਗੁਰੂ ਐਸਾ ਸਹਿਨਸੀਲਤਾ ਵਾਲਾ ਹੈ, ਐਸੀ ਬਰਦਾਸ਼ਤ ਵਾਲਾ ਹੈ, ਬੜੇ ਬੜੇ ਅਕ੍ਰਿਤਘਣ ਨਾਸ਼ੁਕਰਿਆਂ ਦੇ ਬਾਰ ਬਾਰ ਕੀਤੇ ਹੋਏ ਕ੍ਰੋੜਾਂ ਪਾਪ ਅਪਰਾਧ ਸਹਿ ਲੈਂਦਾ ਹੈ, ਸਗੋਂ ਅਕ੍ਰਿਤਘਣਾਂ ਅਪ੍ਰਾਧੀਆਂ ਨੂੰ ਭੀ ਪਾਲਦਾ ਹੈ, ਸਹਾਰਾ ਦਿੰਦਾ ਹੈ। ਸ਼ਰਨ ਆਇਆਂ ਨੂੰ ਬਖਸ਼ ਦਿੰਦਾ ਹੈ। ਓਹਨਾਂ ਦੇ ਕੀਤੇ ਕ੍ਰੋੜਾਂ ਪਾਪ-ਕਰਮਾਂ ਦੀ ਪਰਵਾਹ ਨਹੀਂ ਕਰਦਾ, ਪਰ ਜੋ ਸ਼ਰਨਿ ਆਵੈ ਤਿਸੈ ਨੂੰ ਕੰਠਿ ਲਾਉਂਦਾ ਹੈ। ਸ਼ਰਨ ਆਏ ਦੇ ਇਹ ਲਛਣ ਹਨ ਕਿ ਜੋ ਪ੍ਰਾਣੀ ਗੁਰੂ ਦੁਆਰੇ ਹੋਇ ਕੈ ਸਾਹਿਬ ਸੰਮਾਲਦਾ ਹੈ, ਓਹਨਾਂ ਨੂੰ ਸ਼ਰਨਿ ਆਇਆ ਸਮਝੋ।

ਵਡੈ ਭਾਗਿ ਭੇਟੇ ਗੁਰਦੇਵਾ॥ ਕੋਟਿ ਪਰਾਧ ਮਿਟੇ ਹਰਿ ਸੇਵਾ॥੧॥

(੫॥੧॥੫੫) (ਧਨਾਸਰੀ ਮ: ੫, ਪੰਨਾ ੬੮੩-੮੪)

ਪ੍ਰਕਾਸ਼ ਰੂਪ ਗੁਰੂ ਨੂੰ ਵਡੇ ਭਾਗਾਂ ਕਰਕੇ ਭੇਟੀਦਾ ਹੈ। ਗੁਰੂ ਧਾਰਨ ਕਰ ਕੇ ਜੋ ਸੇਵਾ ਮਿਲਦੀ ਹੈ, ਉਸ ਸਿਮਰਨ-ਸੇਵਾ ਨੂੰ ਕਰ ਕੇ ਸਿਮਰਨਹਾਰੇ ਦੇ ਕੋਟਿ ਅਪ੍ਰਾਧ ਮਿਟ ਜਾਂਦੇ ਹਨ। ਕੋਟਿ ਪਾਪ-ਕਰਮ ਕੱਟੇ ਜਾਂਦੇ ਹਨ, ਇਸ ਵਿਚਿ ਕਿੰਤੂ ਕਰਨ ਦੀ ਜਾਇ ਨਹੀਂ।

ਕੋਟਿ ਪਰਾਧ ਮਿਟੇ ਖਿਨ ਭੀਤਰਿ ਜਾਂ ਗੁਰਮੁਖਿ ਨਾਮੁ ਸਮਾਰੇ ॥੧॥

(੪॥੧) (ਧਨਾਸਰੀ ਮ: ੫, ਪੰਨਾ ੬੭੦)

ਮੁਖੀ ਗੁਰੂ ਵਾਹਿਗੁਰੂ ਨਾਮ ਦੇ ਸਿਮਰਨ ਸੰਮਾਲਣ ਕਰਿ ਕੋਟਿ ਅਪਰਾਧ ਪਾਪ-ਕਰਮ ਕੀਤੇ ਇਕ ਖਿਨ ਮਾਤਰ ਵਿਚ ਉਤਰ ਜਾਂਦੇ ਹਨ। ਉਕੇ ਹੀ ਮਿਟ ਜਾਂਦੇ ਹਨ।

ਕੋਟਿ ਪਰਾਧ ਮਿਟੇ ਤੇਰੀ ਸੇਵਾ ਦਰਸਨਿ ਦੂਖੁ ਉਤਾਰਿਓ॥
ਨਾਮੁ ਜਪਤ ਮਹਾ ਸੁਖੁ ਪਾਇਓ ਚਿੰਤਾ ਰੋਗੁ ਬਿਦਾਰਿਓ ॥੧॥

(੨॥੬) (ਦੇਵਗੰਧਾਰੀ ਮ: ੫, ਪੰਨਾ ੫੨੯)

ਵਾਹਿਗੁਰੂ ਦੀ ਸਿਮਰਨ ਰੂਪੀ ਸੇਵਾ ਕਰਨ ਕਰਿ ਕੋਟਿ ਅਪਰਾਧ ਪਾਪ ਕਰਮ ਕੀਤੇ ਮਿਟ ਗਏ। ਅਤੇ ਵਾਹਿਗੁਰੂ ਦੇ ਦਰਸ਼ਨ ਨੇ (ਜੋ ਅਤੁਟ ਸਿਮਰਨ ਅਭਿਆਸ ਕਮਾਈ ਕਰਿ ਘਟ ਅੰਤਰਿ ਹੀ ਪ੍ਰਾਪਤਿ ਹੋਇਆ) ਬਿਰਹਾ ਫ਼ਿਰਾਕ ਵਿਛੋੜੇ ਦਾ ਸਗਲਾ ਦੁਖ ਦਰਦ ਉਤਾਰ ਦਿਤਾ। ਗੁਰਮਤਿ ਨਾਮ ਦੇ ਜਪਣ ਪ੍ਰਤਾਪ ਕਰਿ ਮਹਾਂ ਸੁਖ ਪ੍ਰਾਪਤਿ ਹੋਇਆ ਅਤੇ ਚਿੰਤਾ ਰੂਪੀ ਰੋਗ ਸਮੁੱਚਾ ਹੀ ਬਿਦਾਰ ਦਿਤਾ (ਲਾਹ ਸਿਟਿਆ)।(ਚਲਦਾ)

ਪੰਨਾ ੨੭ ਦਾ ਬਾਕੀ

ਵਾਰੇ ਤਨ, ਮਨ, ਧਨ ਕਰੇ, ਨਿਸ਼ਕਾਮ ਸੇਵਾ ਕੌਮ ਦੀ।
ਉਹੀਓ ਸਿੰਘ ਦਸਮੇਸ਼ ਦਾ, ਸਿਖ ਕੌਮ ਦਾ ਸਰਦਾਰ ਹੈ।
ਨਾ ਬਣੋ ਰਾਹਾਂ ਦੇ ਰੋੜੇ, ਠੋਹਕਰਾਂ ਨਿਤ ਖਾਉਗੇ।
ਕਾਫਲਾ ਮਾਰਚ ਕਰੇਗਾ, ਪੰਥ ਹੁੱਣ ਬੇਦਾਰ ਹੈ।
ਪਰਬੱਤਾ ਸਹਿਰਾਵਾਂ ਸਾਗਰ ਤੇ, ਚੱਟਾਨਾਂ ਚੀਰ ਕੇ।
ਅਪਨੀ ਮਨਜ਼ਿਲ ਪਾਇਗਾ, ਰਸਤਾ ਇਹ ਦਾ ਹਮਵਾਰ ਹੈ।
ਪੰਥ ਦੀ ਹਸਤੀ ਬਚਾਓ, ਅਪਨੀ ਹਸਤੀ ਮੇਟ ਕੇ।
ਪੰਥ ਲਈ ਜੀਵੋ, ਮਰੋ, ਇਹ ਪੰਥ ਦੀ ਲਲਕਾਰ ਹੈ।
ਮਿਟ ਜਾਉਗੇਂ ਐਹਮਕੋ, ਸਿਖਾਂ ਨੂੰ ਮੇਟਨ ਵਾਲਿਓ।
ਪੰਥ ਦੀ ਸ਼ਰਨੀ ਪਵੋ, ਆਜਿਜ਼ ਦਾ ਇਹ ਅਸਰਾਰ ਹੈ।



www.AKJ.Org

# ਸਿੱਖੀ ਦਾ ਤਾਜ ਦਸਤਾਰ

(ਭਾਈ ਗੁਰਭੇਜ ਸਿੰਘ ਬਾਦਸ਼ਾਹ ਪੁਰੀ)

ਅੰਮ੍ਰਿਤ ਛੱਕ ਦਸਮੇਸ ਦੀਆਂ ਬੱਚੀਆਂ ਕਹਾਉ ਬੀਬੀਓ,
ਸਿਰਾਂ ਉਪਰ ਗੋਲ ਦਸਤਾਰਾਂ ਤੁਸੀਂ ਸਜਾਉ ਬੀਬੀਓ।
ਚੁੰਨੀਆਂ ਨੂੰ ਗਲ ਵਿੱਚ ਪਾਉਣ ਦਾ ਰਿਵਾਜ ਕੋਈ ਨਾ
ਬਿਨਾਂ ਦਸਤਾਰ ਸਿਰੀਂ ਸੋਭੇ ਤਾਜ ਕੋਈ ਨਾਂ
ਸਿਰ ਨੰਗੇ ਫਿਰ, ਸਿੱਖੀ ਦੀ ਸ਼ਾਨ ਨਾ ਘਟਾਉ ਬੀਬੀਓ,
ਸਿਰਾਂ ਉਪਰ ਗੋਲ ਦਸਤਾਰਾਂ ਤੁਸੀਂ ਸਜਾਉ ਬੀਬੀਓ।
ਨਹੀ ਪਹਿਨਣਾ ਹੈਲਮੇਟ ਇਹ ਟੋਪੀ ਨਿਸ਼ਾਨ ਬੀਬਾ,
ਬੰਨ ਦਸਤਾਰ ਚਮਕਾਈਏ ਆਪਾਂ ਆਨ ਸ਼ਾਨ ਬੀਬਾ।
ਦਸਤਾਰ ਨਾਲ ਕੇਸਾਂ ਦਾ ਸਤਿਕਾਰ ਵਧਾਉ ਬੀਬੀਓ,
ਸਿਰਾਂ ਉਪਰ ਗੋਲ ਦਸਤਾਰਾਂ ਤੁਸੀਂ ਸਜਾਉ ਬੀਬੀਓ।
ਸਿੱਖੀ ਦਾ ਰਿਵਾਜ ਦਸਤਾਰ ਸਦਾ ਸੋਹਣੀ ਲੱਗਦੀ ਏ,
ਦਸਤਾਰ ਸਜਾਉਣ ਲੱਗੀ ਕਿਹੜੀ ਗੱਲੋਂ ਰਹੇ ਸੰਗਦੀ ਏਂ
ਹੋਰਾਂ ਤਾਂਈ ਦਸਤਾਰ ਬਾਰੇ ਤੁਸੀਂ ਸਮਝਾਉ ਬੀਬੀਓ,
ਸਿਰਾਂ ਉਪਰ ਗੋਲ ਦਸਤਾਰਾਂ ਤੁਸੀਂ ਸਜਾਉ ਬੀਬੀਓ।
ਮੇਰੀਉ ਭੈਣੋਂ ਸਿਰਾਂ ਉਪਰ ਲੋਹ ਟੋਪ ਧਰਿਉ ਨਾ,
ਸਿੱਖ ਕੌਮ ਦਾ ਸਿਰ ਤੁਸੀਂ ਨੀਵਾਂ ਕਰਿਉ ਨਾ।
ਖਾਲਸੇ ਦੀ ਇੱਕ ਵੱਖਰੀ ਸਾਨ ਚਮਕਾਉ ਬੀਬੀਓ,
ਸਿਰਾਂ ਉਪਰ ਗੋਲ ਦਸਤਾਰਾਂ ਤੁਸੀਂ ਸਜਾਉ ਬੀਬੀਓ।
ਖਾਲਸੇ ਦੀ ਆਨ ਸਾਨ ਇਹ ਦਸਤਾਰ ਭੈਣਾ,
ਇਸ ਦੇ ਨਾਲ ਹੀ ਸੋਹਣਾ ਲੱਗੇ ਸਰਦਾਰ ਭੈਣਾ।
ਤੁਸੀ ਹਰੇਕ ਧੀ ਭੈਣ ਨੂੰ ਬੰਨਣੀ ਦਸਤਾਰ ਸਿਖਾਉ ਬੀਬੀਓ,
ਸਿਰਾਂ ਉਪਰ ਗੋਲ ਦਸਤਾਰਾਂ ਤੁਸੀਂ ਸਜਾਉ ਬੀਬੀਓ।
ਜਿਹੜਾ ਸਿੰਘ ਸਿਰ ਦੇ ਉਪਰ ਟੋਪੀ ਧਰਦਾ ਏ,
ਉਹ ਸਿੱਖ ਸਤ ਜਨਮ ਕੁਸਟੀ ਹੋਵੇ ਮਰਦਾ ਏ।
ਤੁਸੀ ਕਦੇ ਐਸਾ ਕਹਿਰ ਨਾ ਕਮਾਉ ਬੀਬੀਓ।
ਸਿਰਾਂ ਉਪਰ ਗੋਲ ਦਸਤਾਰਾਂ ਤੁਸੀਂ ਸਜਾਉ ਬੀਬੀਓ।
ਬਾਦਸ਼ਾਹ ਪੁਰੀ ਹੈਲਮੇਟ ਪਾਉਣ ਵਾਲਿਆ ਨੂੰ ਵੰਗਾਰਦਾ
ਦਸਤਾਰ ਸਜਾਉਣ ਵਾਲੀਆਂ ਭੈਣਾ ਨੂੰ ਰਹੇ ਸਤਿਕਾਰਦਾ।
ਆਨ ਸ਼ਾਨ ਖਾਤਰ ਪੂਰਾ ਯੋਗਦਾਨ ਪਾਉ ਬੀਬੀਓ,
ਸਿਰਾਂ ਉਪਰ ਗੋਲ ਦਸਤਾਰਾਂ ਤੁਸੀ ਸਜਾਉ ਬੀਬੀਓ।
ਦਸਤਾਰਾਂ ਗੋਲ ਸਿਰਾਂ ਤੇ ਸਜਾਉ ਬੀਬੀਓ।


www.AKJ.Org

ਸੂਰਾ ਵਾਸਤੇ ਚੰਦੇ ਤੇ ਹੋਰ ਰਕਮਾਂ ਹੇਠ ਲਿਖੀਆਂ ਥਾਵਾਂ ਤੇ ਜਮ੍ਹਾ ਕਰਵਾ ਕੇ ਰਸੀਦ ਲਓ ਜੀ।

1.ਲੁਧਿਆਣਾ:- (ੳ) ਮੁੱਖ ਦਫ਼ਤਰ ਸੂਰਾ ਕੋਠੀ ਨੰ: ੧੨ ਬਲਾਕ ਆਈ ਭਾਈ ਰਣਧੀਰ ਸਿੰਘ ਨਗਰ।
(ਅ) ਸਬ-ਆਫ਼ਿਸ ਸੂਰਾ ਗੁ: ਸ੍ਰੀ ਗੁਰੂ ਸਿੰਘ ਸਭਾ ਮਾਡਲ ਟਾਊਨ ਲੁਧਿਆਣਾ। ਫੋਨ 428194
(ੲ) ਭਾਈ ਭੁਪਿੰਦਰ ਪਾਲ ਸਿੰਘ ਜੀ, ਪ੍ਰੀਤ ਸਿਲੈਕਸ਼ਨ, ਸ਼ਾਹਪੁਰ ਰੋਡ, ਨੇੜੇ ਸੁਭਾਨੀ ਬਿਲਡਿੰਗ ਲੁਧਿਆਣਾ। ਫੋਨ 730604

੨.ਫਗਵਾੜਾ:- ਮਾਸਟਰ ਗੁਰਦਿਆਲ ਸਿੰਘ ਜੀ ਵਿਸ਼ਵਕਰਮਾ ਕਲੋਨੀ ਨੇੜੇ ਵਿਸ਼ਵਕਰਮਾ ਮੰਦਰ ਬੰਗਾ ਰੋਡ ਫਗਵਾੜਾ। ਟੈਲੀਫੋਨ 68307

3.ਚੰਡੀਗੜ੍ਹ ਤੇ ਮੋਹਾਲੀ :-ਭਾਈ ਫੌਜਿੰਦਰ ਸਿੰਘ ਜੀ 532/3-ਏ ਮੋਹਾਲੀ ਟੈਲੀਫੋਨ:260569

4.ਕਪੂਰਥਲਾ :- ਭਾਈ ਚਰਨਪਾਲ ਸਿੰਘ, ਸਿੰਘ ਆਰਟਸ ਨੇੜੇ ਸਟੇਟ ਗੁਰਦੁਆਰਾ ਸਾਹਿਬ।

5.ਖਰੜ, ਮੋਰਿੰਡਾ :- ਭਾਈ ਅਜੀਤ ਸਿੰਘ ਜੀ, ਮਕਾਨ ਨੰਬਰ 214, ਵਾਰਡ ਨੰ:4, ਚੰਡੀਗੜ੍ਹ ਰੋਡ, ਮੁੰਡੀ ਖਰੜ। ਟੈਲੀਫੋਨ 01888-46036

6.ਅੰਮ੍ਰਿਤਸਰ :- ਭਾਈ ਸਤਨਾਮ ਸਿੰਘ ਜੀ ਪਿੰਡ ਚਾਚੋਵਾਲੀ ਡਾਕਖਾਨਾ ਜੈਂਤੀਪੁਰਾ

7.ਯਮੁਨਾਨਗਰ :- ਭਾਈ ਇਕਬਾਲ ਸਿੰਘ ਜੀ 536 ਲੋਹਾਰਾ ਗਲੀ ਜਗਾਧਰੀ।

8.ਫਿਰੋਜ਼ਪੁਰ :- ਭਾਈ ਬਲਵਿੰਦਰ ਸਿੰਘ ਹੱਟ ਨੰਬਰ 48 ਬਜ਼ਾਰ ਨੰ: 1 ਫਿਰੋਜ਼ਪੁਰ ਛਾਉਣੀ।

੯.ਪਠਾਨਕੋਟ :- ਸ੍ਰ: ਹਰਬੰਸ ਸਿੰਘ ਜੀ M.E.S. ਪਠਾਨਕੋਟ

10.ਅੰਬਾਲਾ :- ਭਾਈ ਮਨੋਹਰ ਸਿੰਘ ਜੀ ਪਿੰਡ ਤੇ ਡਾਕਖਾਨਾ ਨਸਰਾਲੀ ਵਾਇਆ ਜਤਵਾੜ ਅੰਬਾਲਾ ਸ਼ਹਿਰ

11.ਧੂਰੀ :- ਮਾਸਟਰ ਹਰਭਜਨ ਸਿੰਘ ਜੀ ਜਨਤਾ ਨਗਰ ਨੇੜੇ ਵੀਨਸ ਗੈਸ ਏਜੰਸੀ ਧੂਰੀ।

1੨.ਪਾਉਂਟਾ ਸਾਹਿਬ :- ਭਾਈ ਪਰਮਜੀਤ ਸਿੰਘ ਜੀ ਗੁਰੂ ਰਾਖਾ ਇੰਟਰਪ੍ਰਾਇਜ਼ਿਜ਼ ਪਾਉਂਟਾ ਸਾਹਿਬ।

13.ਇੰਗਲੈਂਡ :- ਭਾਈ ਹਰਦੀਪ ਸਿੰਘ ਜੀ 218 Wexhan Road Slough Berks SL2 5JP Tel 01753-530624

14.ਅਮਰੀਕਾ :- ਭਾਈ ਜੀਵਨ ਸਿੰਘ ਜੀ, ਗੁਰਦੀਪ ਸਿੰਘ ਜੀ ਫੋਨ: 18007226212

15.ਕੈਨੇਡਾ :- ਭਾਈ ਰਿਪੁਦਮਨ ਸਿੰਘ ਮਲਿਕ ਟੈਲੀਫੋਨ 18006630224

16.ਅਸਟ੍ਰੇਲੀਆ :- ਭਾਈ ਪਰਸ਼ੋਤਮ ਸਿੰਘ ਜੀ ਫੋਨ 0061-69634841

17. ਨਿਊਜ਼ੀਲੈਂਡ :- ਭਾਈ ਮਹਿੰਦਰ ਸਿੰਘ ਜੀ ਫੋਨ 092702755

ਜ਼ਰੂਰੀ ਨੋਟ :- *ਉਪਰ ਲਿਖੇ ਸੇਵਾਦਾਰਾਂ ਤੋਂ ਇਲਾਵਾ ਸੂਰਾ ਵਾਸਤੇ ਕੋਈ ਵੀ ਮਾਇਆ ਕੇਵਲ ਸੂਰਾ ਲੁਧਿਆਣਾ ਦੇ ਦਫ਼ਤਰ ਵਿਚ ਹੀ ਭੇਜੋ ਜੀ। ੨. ਸੂਰਾ ਵਾਸਤੇ ਚੈਕ, ਡਰਾਫਟ ਆਦਿ ਕੇਵਲ ਸੂਰਾ ਮੰਥਲੀ ਲੁਧਿਆਣਾ ਦੇ ਨਾਮ ਹੀ ਭੇਜੋ ਜੀ। 3. ਬਾਕੀ ਸ਼ਹਿਰਾਂ ਵਿਚੋਂ ਸੂਰਾ ਦੀ ਸੇਵਾ ਕਰਨ ਦੇ ਚਾਹਵਾਨ ਸੱਜਣ ਸੂਰਾ ਦਫ਼ਤਰ ਨਾਲ ਜਲਦੀ ਸੰਪਰਕ ਕਰੋ ਜੀ। ਤਾਂਕਿ ਉਹਨਾਂ ਦੇ ਨਾਮ ਵੀ ਆਉਂਦੇ ਪਰਚੇ ਵਿਚ ਛਾਪੇ ਜਾ ਸਕਣ।* ਦਾਸਰਾ-ਸੰਪਾਦਕ

## ਯੂ. ਕੇ. ਵਿਚ ਮੋਖ ਰਹਿਤ ਪੁਸਤਕਾਂ

ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਲਿਖਤ ਅਤੇ ਹੋਰ ਗੁਰਮਤਿ ਦੀਆਂ ਮੋਖ ਰਹਿਤ ਪੁਸਤਕਾਂ ਡਾਕ ਖ਼ਰਚ ਭੇਜ ਕੇ ਹੇਠ ਲਿਖੇ ਪਤੇ ਤੋਂ ਮੰਗਵਾ ਕੇ ਆਪ ਪੜ੍ਹੋ ਤੇ ਹੋਰਨਾਂ ਨੂੰ ਪੜ੍ਹਾਓ ਜੀ।
ਭਾਈ ਮਦਨ ਸਿੰਘ, 11-AAPOLLO WAY PERRYBARR BIRMINGHIM-20 (U.K.).


www.AKJ.Org

# ਕੀਰਤਨ ਸਰਗਰਮੀਆਂ

ਜਗਰਾਉਂ:- ੨੪ ਜੁਲਾਈ ਨੂੰ ਪਿੰਡ ਗੁੜ੍ਹੇ ਨੇੜੇ ਚੌਂਕੀਮਾਨ ਭਾਈ ਭਵਨਦੀਪ ਸਿੰਘ ਜੀ ਦੇ ਗ੍ਰਹਿ ਵਿਖੇ ਇਲਾਕੇ ਦੀਆਂ ਸੰਗਤਾਂ ਵੱਲੋਂ ਰੈਣਿ ਸਬਾਈ ਕੀਰਤਨ ਰਚਾਏ ਗਏ। ਲੋਕਲ ਨੇੜੇ ਤੇੜੇ ਦੀਆਂ ਸੰਗਤਾਂ ਤੋਂ ਇਲਾਵਾ ਦੂਰ ਦੁਰਾਡੇ ਤੋਂ ਵੀ ਕੀਰਤਨੀ ਸਿੰਘਾਂ ਅਤੇ ਹੋਰ ਸੰਗਤਾਂ ਨੇ ਪਹੁੰਚ ਕੇ ਹਾਜ਼ਰੀ ਲਵਾਈ ਤੇ ਹਰਿ ਜਸ ਦੀਆਂ ਗੁੰਜਾਰਾ ਪਾਈਆਂ

ਅੰਬਾਲਾ:- ਹਰ ਸਾਲ ਦੀ ਤਰਾਂ ਇਸ ਸਾਲ ਵੀ 1947 ਦੇ ਸ਼ਹੀਦਾ ਦੀ ਯਾਦ ਵਿਚ ਗੁ: ਮੰਜੀ ਸਾਹਿਬ ਅੰਬਾਲਾ ਸ਼ਹਿਰ ਵਿਖੇ ਸ੍ਰੀ ਅਖੰਡ ਪਾਠ ਸਾਹਿਬ ਤੇ ਅਖੰਡ ਕੀਰਤਨ ਸਮਾਗਮ 5,6,7, ਅਤੇ 8 ਅਗਸਤ ਨੂੰ ਰਚਾਏ ਗਏ। 7 ਅਗਸਤ ਨੂੰ ਸਵੇਰੇ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਉਪ੍ਰੰਤ ਦੁਪਹਿਰ ਤੱਕ ਅਤੇ ਰਾਤ ਨੂੰ ਰੈਣਿ ਸਬਾਈ ਕੀਰਤਨ ਵਿਚ ਦੂਰ ਦਰਾਡੇ ਤੋਂ ਸੰਗਤਾਂ ਨੇ ਹਾਜ਼ਰੀਆਂ ਲਵਾ ਕੇ ਪਾਤਸ਼ਾਹ ਦੀਆਂ ਖੁਸ਼ੀਆਂ ਪ੍ਰਾਪਤ ਕੀਤੀਆਂ ਤੇ ਹਰਿ ਜਸ ਦੇ ਆਨੰਦ ਮਾਣੇ

ਲੁਧਿਆਣਾ:- ਮਿਤੀ 13 ਤੋਂ 15 ਅਗਸਤ ਤੱਕ ਲੁਧਿਆਣੇ ਗੁ: ਸ੍ਰੀ ਗੁਰੂ ਸਿੰਘ ਸਭਾ ਵਿਖੇ ਜੱਥੇ ਦੇ ਪੁਰਾਤਨ ਲਾਂਗਰੀ ਭਾਈ ਸਰਦਾਰਾ ਸਿੰਘ ਜੀ ਜੋ ਕਿ ਪਿਛਲੇ ਕਾਫ਼ੀ ਸਮੇਂ ਤੋਂ ਬਿਮਾਰ ਚਲੇ ਆ ਰਹੇ ਹਨ, ਦੀ ਸਿਹਤਯਾਬੀ ਜਾਚਨਾ ਹਿੱਤ ਸ੍ਰੀ ਅਖੰਡ ਪਾਠ ਸਾਹਿਬ ਤੇ ਅਖੰਡ ਕੀਰਤਨ ਸਮਾਗਮ ਰਚਾਏ ਗਏ। ਪਾਤਸ਼ਾਹ ਦੀ ਅਪਾਰ ਕ੍ਰਿਪਾ ਸਦਕਾ ਸਮਾਗਮ ਨਿਰ ਵਿਘਨ ਸੰਪੂਰਨ ਹੋਏ ਤੇ ਅਣਥੱਕ ਅਤੇ ਨਿਸ਼ਕਾਮ ਸੇਵਾਦਾਰ ਭਾਈ ਸਰਦਾਰਾ ਸਿੰਘ ਜੀ ਦੀ ਦੇਹ ਅਰੋਗਤਾ ਵਾਸਤੇ ਬੇਨਤੀ ਕੀਤੀ ਗਈ।

ਪਾਉਂਟਾ ਸਾਹਿਬ:-ਅਖੰਡ ਕੀਰਤਨੀ ਜੱਥਾ ਲੁਧਿਆਣਾ ਦੇ ਨੌਜਵਾਨ ਸੇਵਾਦਾਰਾਂ ਨੇ ਪਾਤਸ਼ਾਹ ਦੀ ਪ੍ਰੇਰਨਾ ਨਾਲ ਦਸਮ ਪਾਤਸ਼ਾਹ ਦੀ ਵਰੋਸਾਈ ਹੋਈ ਧਰਤੀ ਰਮਣੀਕ ਅਸਥਾਨ ਪਾਉਂਟਾ ਸਾਹਿਬ ਦੇ ਦਰਸ਼ਨ ਦੀਦਾਰ ਤੇ ਹਰਿ ਜਸ ਦੀਆਂ ਘੁੰਮਰਾਂ ਪਾਉਣ ਦੇ ਆਸ਼ੇ ਨਾਲ ਇਸ ਅਸਥਾਨ ਵਿਖੇ ਰੈਣਿ ਸਬਾਈ ਕੀਰਤਨ ਦਾ ਪ੍ਰੋਗਰਾਮ ਉਲੀਕਿਆ। ਜਿਸ ਵਿਚ ਸੰਗਤਾਂ ਨੇ ਬਹੁਤ ਉਤਸ਼ਾਹ ਦਿਖਾਇਆ। ੨੧ ਅਗਸਤ ਸ਼ਨੀਵਾਰ ਸਵੇਰੇ ਲੁਧਿਆਣੇ ਤੋਂ ਰਵਾਨਗੀ ਵੇਲੇ ਸੰਗਤਾਂ ਦੇ ਜਾਣ ਦੇ ਉਤਸ਼ਾਹ ਨੂੰ ਦੇਖ ਕੇ ਮੌਕੇ ਤੇ ਹੀ ਹੋਰ ਬੱਸਾਂ ਦਾ ਪ੍ਰਬੰਧ ਕੀਤਾ ਗਿਆ ਇਸ ਤੋਂ ਇਲਾਵਾ ਸੰਗਤਾਂ ਹੋਰ ਗੱਡੀਆਂ ਅਤੇ ਆਪੋ ਆਪਣੇ ਸਾਧਨਾਂ ਰਾਹੀਂ ਪਾਉਂਟਾ ਸਾਹਿਬ ਨੂੰ ਰਵਾਨਾ ਹੋਈਆਂ। ਫਗਵਾੜੇ ਦੀ ਸੰਗਤ ਵੀ ਇਕ ਵਿਸ਼ੇਸ਼ ਬੱਸ ਰਾਹੀਂ ਪਾਉਂਟਾ ਸਾਹਿਬ ਵਿਖੇ ਹਾਜ਼ਰੀ ਭਰਨ ਲਈ ਪਹੁੰਚੀ। ਰਸਤੇ ਵਿਚ ਗੁ: ਨਾਡਾ ਸਾਹਿਬ ਵਿਖੇ ਮੋਹਾਲੀ ਦੀਆਂ ਸੰਗਤਾਂ ਵੀ ਕਾਫ਼ਲੇ ਵਿਚ ਆ ਸ਼ਾਮਲ ਹੋਈਆਂ। ਬੱਸਾਂ ਵਿਚ ਵੀ ਸਾਰਾ ਸਮਾਂ ਸੰਗਤਾਂ ਕੀਰਤਨ ਦੇ ਲਾਹੇ ਭੁੰਚਦੀਆਂ ਹੋਈਆਂ ਬਾਅਦ ਦੁਪਹਿਰ ਪਾਉਂਟਾ ਸਾਹਿਬ ਵਿਖੇ ਪਹੁੰਚੀਆਂ। ਦਰਬਾਰ ਸਾਹਿਬ ਦੀ ਮਰਿਆਦਾ ਅਨੁਸਾਰ ਸ਼ਾਮ ਦੀ ਚੌਂਕੀ ਸਾਹਿਬ ਤੋਂ ਬਾਅਦ ਸਵੇਰ ਦੇ ਨਿਤਨੇਮ ਆਦਿ ਵਿੱਚਾਲੇ ਥੋੜਾ ਸਮਾਂ ਹੋਣ ਕਾਰਨ ਗੁ: ਪ੍ਰਬੰਧਕ ਕਮੇਟੀ ਵੱਲੋਂ ਲਾਇਬਰੇਰੀ ਦੇ ਉਪਰ ਨਵੀਂ ਬਣਾਈ ਇਮਾਰਤ ਦੇ ਹਾਲ ਵਿਚ ਰੈਣਿ ਸਬਾਈ ਕੀਰਤਨ ਵਾਸਤੇ ਪ੍ਰਬੰਧ ਕੀਤਾ ਗਿਆ ਜਿੱਥੇ ਰਾਤ 8 ਵਜੇ ਤੋਂ ਲੈ ਕੇ ਸਵੇਰੇ 5 ਵਜੇ ਤੱਕ ਸਾਰੀ ਰਾਤ ਲੁਧਿਆਣਾ, ਜੰਮੂ ਫਗਵਾੜਾ ਮੋਹਾਲੀ ਅਤੇ ਹੋਰ ਸ਼ਹਿਰਾਂ ਤੇ ਉਚੇਚੇ ਤੌਰ ਤੇ ਪਹੁੰਚੇ ਹੋਏ ਕੀਰਤਨੀਏ ਵੀਰ ਭੈਣਾਂ ਨੇ ਸੰਗਤਾਂ ਨਾਲ ਮਿਲਕੇ ਹਰਿ ਜਸ ਦੀਆਂ ਗੁੰਜਾਰਾ ਪਾਈਆਂ। ਇਸ ਤੋਂ ਉਪ੍ਰੰਤ ਮੇਨ ਦਰਬਾਰ ਹਾਲ ਵਿਖੇ ਲੁਧਿਆਣੇ ਤੋਂ ਪਹੁੰਚੇ ਹੋਏ ਭਾਈ ਨਰਿੰਦਰ ਪਾਲ ਸਿੰਘ ਜੀ ਨੇ ਜੱਥੇ ਸਮੇਤ ਸ੍ਰੀ ਆਸਾ ਦੀ ਵਾਰ ਦੇ ਕੀਰਤਨ ਦੀ ਹਾਜ਼ਰੀ ਭਰੀ। ਇਸ ਤੋਂ ਉਪ੍ਰੰਤ ਸੰਗਤਾਂ ਨੇ ਗੁ: ਭੰਗਾਣੀ ਸਾਹਿਬ ਦੇ ਦਰਸ਼ਨ ਨੂੰ ਚਾਲੇ ਪਏ। ਉਥੇ ਵੀ ਪਹੁੰਚ ਕੇ ਸੰਗਤਾਂ ਨੇ ਹਰਿ ਜਸ ਕੀਰਤਨ ਦੀਆਂ ਗੁੰਜਾਰਾਂ ਪਾਈਆਂ ਤੇ ਗੁਰੂ ਮਹਾਰਾਜ ਕੋਲੋਂ ਸ਼ੁਭ ਦਰਸ਼ਨ ਦੀ ਬਖਸ਼ਿਸ਼ ਲਈ ਅਰਦਾਸ ਕੀਤੀ। ਇਸ ਤੋਂ ਉਪ੍ਰੰਤ ਗੁ: ਤੀਰ ਗੜ੍ਹ ਸਾਹਿਬ ਦੇ ਦਰਸ਼ਨ ਕਰਕੇ ਸੰਗਤਾਂ ਨੇ ਦੁਪਹਿਰ ਨੂੰ ਵਾਪਸੀ ਲਈ ਚਾਲੇ ਪਾ ਦਿੱਤੇ। ਸਮੁੱਚੇ ਸਮਾਗਮਾਂ ਵਿਚ ਪਾਉਂਟਾ ਸਾਹਿਬ ਵਿਖੇ ਰਹਿ ਰਹੇ ਜੱਥੇ ਦੇ ਸਿੰਘ ਪਰਿਵਾਰ ਅਤੇ ਗੁ: ਕਮੇਟੀ ਪਾਉਂਟਾ ਸਾਹਿਬ ਨੇ ਬਹੁਤ ਨਿੱਘਾ ਪਿਆਰ ਤੇ ਸਹਿਯੋਗ ਦੇ ਕੇ ਸਮਾਗਮਾਂ ਨੂੰ ਸਫ਼ਲ ਬਣਾਉਣ ਵਿਚ ਮਦਦ ਕੀਤੀ। ਸੰਗਤਾਂ ਵੱਲੋਂ ਹੋਰਨਾਂ ਇਤਿਹਾਸਕ ਅਸਥਾਨਾ ਤੇ ਵੀ ਇਸੇ ਤਰਾਂ ਦੇ ਸਮਾਗਮ ਰਚਾਉਣ ਦਾ ਫੈਸਲਾ ਕੀਤਾ ਗਿਆ।



www.AKJ.Org

ਚੰਡੀਗੜ੍ਹ ਵਿਖੇ ਸਾਲਾਨਾ ਅਖੰਡ ਕੀਰਤਨ ਸਮਾਗਮ ਗੁ: ਸਾਹਿਬ ਸੈਕਟਰ 34 ਵਿਖੇ

੯ ਸਤੰਬਰ ਸਵੇਰੇ 6 ਤੋਂ 9 ਕੀਰਤਨ ਆਸਾ ਦੀ ਵਾਰ ਉਪ੍ਰੰਤ ਆਰੰਭ ਸ੍ਰੀ ਅਖੰਡ ਪਾਠ ਸਾਹਿਬ ਸ਼ਾਮ 6 ਤੋਂ 9 ਸੋਦਰ ਅਤੇ ਕੀਰਤਨ 10 ਸਤੰਬਰ ਸਵੇਰੇ 6 ਤੋਂ 9 ਕੀਰਤਨ ਸ੍ਰੀ ਆਸਾ ਦੀ ਵਾਰ ਸ਼ਾਮ 6 ਤੋਂ 9 ਸੋਦਰ ਅਤੇ ਕੀਰਤਨ 11 ਸਤੰਬਰ ਸਵੇਰੇ ਭੋਗ ਸ੍ਰੀ ਅਖੰਡ ਪਾਠ ਸਾਹਿਬ ਉਪ੍ਰੰਤ ਕੀਰਤਨ ਦੁਪਹਿਰ ਤੱਕ । ਸ਼ਾਮ ਸੋਦਰ ਉਪ੍ਰੰਤ ਆਰੰਭ ਰੈਣਿ ਸਬਾਈ ਕੀਰਤਨ ਅਤੇ ਅੰਮ੍ਰਿਤ ਸੰਚਾਰ ।

ਦਾਸਰੇ:- ਅਖੰਡ ਕੀਰਤਨੀ ਜੱਥਾ ਚੰਡੀਗੜ੍ਹ ਮੋਹਾਲੀ ਅਤੇ ਪ੍ਰਬੰਧਕ ਕਮੇਟੀ ਗੁ: ਸਾਹਿਬ ਸੈਕਟਰ 34

ਗੁ: ਦੂਖ ਨਿਵਾਰਨ ਸਾਹਿਬ ਪਟਿਆਲਾ ਵਿਖੇ ਮਾਸਿਕ ਰੈਣਿ ਸਬਾਈ ਕੀਰਤਨ

ਪੰਚਮੀ ਦੇ ਸਾਸਿਕ ਜੋੜ ਮੇਲੇ ਤੇ 13 ਸਤੰਬਰ ਸ਼ਨੀਵਾਰ ਰਾਤ ਨੂੰ ਰੈਣਿ ਸਬਾਈ ਕੀਰਤਨ ਅਖਾੜੇ ਸਜਣਗੇ।

ਬਟਾਲਾ ਵਿਖੇ ਵਿਆਹ ਪੁਰਬ ਦਾ ਸਾਲਾਨਾ ਅਖੰਡ ਕੀਰਤਨ ਸਮਾਗਮ

ਗੁਰੂ ਨਾਨਕ ਦੇਵ ਅਕੈਡਮੀ ਗੁਰਦਾਸਪੁਰ ਰੋਡ ਬਟਾਲਾ ਵਿਖੇ 18 ਸਤੰਬਰ ਸ਼ਨੀਵਾਰ ਸਵੇਰੇ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਉਪ੍ਰੰਤ ਦੁਪਹਿਰ ਤੱਕ ਅਖੰਡ ਕੀਰਤਨ ਸਮਾਗਮ ਰਚਾਏ ਜਾਣਗੇ। ਸ਼ਾਮ 7 ਵਜੇ ਸੋਦਰ ਉਪ੍ਰੰਤ ਰੈਣਿ ਸਬਾਈ ਕੀਰਤਨ ਆਰੰਭ ਹੋਣਗੇ। ਸੰਗਤਾਂ ਦੀ ਰਿਹਾਇਸ਼ ਤੇ ਲੰਗਰ ਦਾ ਪ੍ਰਬੰਧ ਇਥੇ ਅਕੈਡਮੀ ਵਿਖੇ ਹੀ ਹੋਵੇਗਾ।

ਗੋਨਿਆਣਾ ਮੰਡੀ ਜ਼ਿਲਾ ਬਠਿੰਡਾ ਵਿਖੇ ਸਾਲਾਨਾ ਰੈਣਿ ਸਬਾਈ ਕੀਰਤਨ

ਗੁ: ਭਾਈ ਸੁਹੇਲ ਸਿੰਘ ਨਵੀਂ ਬਸਤੀ ਗੋਨਿਆਣਾ ਵਿਖੇ 18 ਸਤੰਬਰ ਸ਼ਨੀਵਾਰ ਰਾਤ ਨੂੰ ਰੈਣਿ ਸਬਾਈ ਕੀਰਤਨ ਅਖਾੜੇ ਸਜਣਗੇ।

ਨਾਰੰਗਵਾਲ (ਲੁਧਿਆਣਾ) ਵਿਖੇ ਮਾਸਿਕ ਰੈਣਿ ਸਬਾਈ ਕੀਰਤਨ 18 ਸਤੰਬਰ ਰਾਤ ਨੂੰ

ਭਾਈ ਨਾਰਾਇਣ ਸਿੰਘ ਜੀ ਦੀ ਸਾਲਾਨਾ ਯਾਦ ਵਿਚ ਗੁ: ਅਕਾਲੀਵਾਲਾ ਨਾਰੰਗਵਾਲ ਵਿਖੇ 18 ਸਤੰਬਰ ਰਾਤ ਨੂੰ ਰੈਣਿ ਸਬਾਈ ਕੀਰਤਨ ਅਖਾੜੇ ਸਜਣਗੇ।

ਗੁ: ਪਾ: ਛੇਵੀਂ ਬਸਤੀ ਸ਼ੇਖ ਜਲੰਧਰ ਦੇ ਸਮਾਗਮ ਵਿਖ ਤਬਦੀਲੀ

ਪਹਿਲਾ 11 ਸਤੰਬਰ ਰਾਤ ਨੂੰ ਹੋਣ ਵਾਲੇ ਰੈਣਿ ਸਬਾਈ ਕੀਰਤਨ ਸਮਾਂਗਮ ਹੁਣ 18 ਸਤੰਬਰ ਰਾਤ ਨੂੰ ਹੋਣਗੇ ।

ਪੰਜੋਖਰਾ ਸਾਹਿਬ (ਅੰਬਾਲਾ) ਵਿਖੇ ਸਾਲਾਨਾ ਅਖੰਡ ਕੀਰਤਨ ਸਮਾਗਮ

ਭਾਈ ਆਤਮਾ ਸਿੰਘ ਜੀ ਦੀ ਸਾਲਾਨਾ ਯਾਦ ਵਿਚ ਗੁ: ਪੰਜੋਖਰਾ ਸਾਹਿਬ ਵਿਖੇ ੨5 ਸਤੰਬਰ ਸ਼ਨੀਵਾਰ ਸਵੇਰੇ ਭੋਗ ਸ੍ਰੀ ਅਖੰਡ ਪਾਠ ਸਾਹਿਬ ਉਪ੍ਰੰਤ ਅਖੰਡ ਕੀਰਤਨ ਦੁਪਹਿਰ ਤੱਕ ਰਾਤ ਸੋਦਰ ਉਪ੍ਰੰਤ ਆਰੰਭ ਰੈਣਿ ਸਬਾਈ ਕੀਰਤਨ ਅਤੇ ਅੰਮ੍ਰਿਤ ਸੰਚਾਰ।

ਰਿਹਾਇਸ਼ ਅਤੇ ਲੰਗਰ ਦਾ ਪ੍ਰਬੰਧ:- ਗੁ: ਪੰਜੋਖਰਾ ਸਾਹਿਬ ਵਿਖੇ ਹੀ ਹੋਵੇਗਾ। ਗੁ: ਪੰਜੋਖਰਾ ਸਾਹਿਬ ਬਲਦੇਵ ਨਗਰ ਅੰਬਾਲਾ ਸ਼ਹਿਰ ਤੋਂ 4 ਕਿਲੋਮੀਟਰ ਨਾਰਾਇਣਗੜ੍ਹ ਰੋਡ ਤੇ ਸਥਿਤ ਹੈ।

ਗੁ: ਬਿਬੇਕਸਰ ਸਾਹਿਬ ਅੰਮ੍ਰਿਤਸਰ ਸਾਹਿਬ ਵਿਖੇ ਰੈਣਿ ਸਬਾਈ ਕੀਰਤਨ।

ਸਮੂਹ ਸ਼ਹੀਦਾਂ ਦੀ ਯਾਦ ਵਿਚ ਹਰ ਮਹੀਨੇ ਦੀ ਤਰਾਂ ੨5 ਸਤੰਬਰ ਸ਼ਨੀਵਾਰ ਰਾਤ ਨੂੰ ਕੀਰਤਨ ਅਖਾੜੇ ਸਜਣਗੇ।

ਕਾਨ੍ਹਪੁਰ ਦੇ ਸ਼ਹੀਦਾਂ ਦੀ ਯਾਦ ਵਿਚ ਸਾਲਾਨਾ ਰੈਣਿ ਸਬਾਈ ਕੀਰਤਨ ਲੁਧਿਆਣਾ ਵਿਖੇ।

ਗੁ: ਸ੍ਰੀ ਗੁਰੂ ਸਿੰਘ ਸਭਾ, ਮਾਡਲ ਟਾਊਨ ਲੁਧਿਆਣਾ ਵਿਖੇ ੨ ਅਕਤੂਬਰ ਰਾਤ ਨੂੰ ਰੈਣਿ ਸਬਾਈ ਕੀਰਤਨ ਅਖਾੜੇ ਸਜਣਗੇ। ਆਇ ਦੀਦਾਰ ਬਖਸ਼ੋ ਜੀ।

ਫਗਵਾੜਾ ਵਿਖੇ ਅਖੰਡ ਕੀਰਤਨ ਸਮਾਗਮ

ਗੁ: ਸੁਖਚੈਨਆਣਾ ਸਾਹਿਬ, ਨੇੜੇ ਚੁੰਗੀ, ਬੰਗਾ ਰੋਡ ਫਗਵਾੜਾ ਵਿਖੇ ੯ ਅਕਤੂਬਰ ਰਾਤ ਨੂੰ ਰੈਣਿ ਸਬਾਈ ਕੀਰਤਨ ਅਖਾੜੇ ਸਜਣਗੇ। ਆਇ ਦੀਦਾਰ ਬਖਸ਼ੋ ਜੀ।

ਬਾਊ ਮੱਲ ਸਿੰਘ ਜੀ ਦੀ ਯਾਦ ਵਿਚ ਕੀਰਤਨ ਸਮਾਗਮ ਅੰਮ੍ਰਿਤਸਰ ਵਿਖੇ।

ਬਾਊ ਜੀ ਦੇ ਸਪੁੱਤਰ ਕਰਨਲ ਕੁਲਵੰਤ ਸਿੰਘ ਜੀ ਦੇ ਗ੍ਰਿਹਿ ਵਿਖੇ 31 ਅਕਤੂਬਰ ਸਵੇਰੇ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਉਪ੍ਰੰਤ ਦੁਪਹਿਰ ਤੱਕ ਕੀਰਤਨ ਅਖਾੜੇ ਸਜਣਗੇ॥



www.AKJ.Org

# ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸਤਿਕਾਰ

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਠ ਕਰਨ ਸਮੇਂ ਜਾਂ ਵਾਕ ਲੈਣ ਸਮੇਂ ਜੋ ਸਿੰਘ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਤਾਬਿਆ ਸਜੇ, ਉਹ ਪੰਜ-ਇਸ਼ਨਾਨਾ ਕਰ ਕੇ ਬੈਠੇ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਤਾਬੇ ਇਸ ਪ੍ਰਕਾਰ ਬੈਠਣਾ ਪੂਰਨ ਅਦਬ ਸਨਮਾਨਤਾ ਦੀ ਨਿਸ਼ਾਨੀ ਹੈ। ਜੋ ਕਾਹਲੇ ਬਿਵਹਾਰੀ ਲੋਕ ਬਿਨਾਂ ਪੰਜ-ਇਸ਼ਨਾਨਾ ਕੀਤੇ ਦੇ ਜੋੜਿਆਂ ਵਾਲੇ ਪੈਰਾਂ ਸਮੇਤ ਨਿਰਝੱਕ ਹੋ ਕੇ ਤਾਬੇ ਸਜ ਜਾਂਦੇ ਹਨ, ਉਹ ਅਨਿੰਨ ਸ਼ਰਧਾ ਵਾਲੇ ਸਿੱਖ ਨਹੀਂ ਕਹਾ ਸਕਦੇ ਇਹ ਬੜੀ ਭਾਰੀ ਬੇਅਦਬੀ ਹੈ। ਜੋ ਲੋਕ ਮੈਦਾਨੇ (ਪਾਖ਼ਾਨੇ) ਜਾਣ ਵਾਲੇ ਪਾਜਾਮੇ ਸਹਿਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਤਾਬੇ ਜਾ ਬੈਠਦੇ ਹਨ ਉਹ ਬੜੀ ਭਾਰੀ ਭੁਲ ਕਰਦੇ ਹਨ। ਸੱਚੀ ਸੁਚਿਆਰਤਾ ਇਹ ਹੈ ਕਿ ਪਾਜਾਮਾ ਲਾਹ ਕੇ ਅਤੇ ਪੰਜ ਇਸ਼ਨਾਨਾ ਕਰ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਤਾਬਿਆ ਬੈਠਿਆ ਜਾਵੇ। ਜਿਨ੍ਹਾਂ ਲੋਕਾਂ ਦੇ ਤੇੜ ਕਛਹਿਰੇ ਨਹੀਂ ਹੁੰਦੇ ਜਾਂ ਅਟਪਟੇ ਕਛਹਿਰੇ (ਨਿੱਕਰਾਂ) ਪਾਏ ਹੁੰਦੇ ਹਨ, ਉਹ ਆਪਣਾ ਪਾਜ ਉਘੜਨ ਤੋਂ ਡਰਦੇ ਅਕਸਰ ਪਾਜਾਮੇ ਸਮੇਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਤਾਬੇ ਜਾ ਬੈਠਦੇ ਹਨ।

ਮਾਈਆਂ ਬੀਬੀਆਂ ਲਈ ਇਹ ਹੁਕਮ ਹੈ ਕਿ ਗੁਰੂ ਗ੍ਰੰਥ ਸਾਹਿਬ ਜੀ ਦੇ ਤਾਬੇ ਸਜਣ ਸਮੇਂ ਅਣਲਗ ਪਾਜਾਮੇ ਪਾ ਕੇ ਬੈਠਣ, ਕਦੀ ਵੀ ਵਰਤੋਂ ਵਿਚ ਆਏ ਸੜੇ ਹੋਏ ਪਾਜਾਮੇ (ਸਲਵਾਰਾਂ) ਪਾ ਕੇ ਨਾ ਬੈਠਣ। ਉਹ ਜ਼ਰੂਰ ਪੈਰ ਧੋ ਕੇ ਬੈਠਣ । ਜੋ ਸਲਵਾਰ (ਪਾਜਾਮਾ) ਜੁੱਤੀ ਨਾਲ ਲੱਗ ਚੁਕਿਆ ਹੋਵੇ, ਉਹ ਵੀ ਪਹਿਨ ਕੇ ਤਾਬੇ ਨਾ ਬੈਠਣ । ਇਸ ਵਿਚ ਰੰਚਕ ਸੰਦੇਹ ਨਹੀਂ ਕਿ ਸੁੱਛ ਸਲਵਾਰ ਪਾਜਾਮੇ ਦਾ ਪਹਿਰਾਵਾ ਗੁਰੂ-ਦਰਬਾਰੀ-ਪੁਸ਼ਾਕ ਵਿੱਚ ਸ਼ਾਮਲ ਹੈ।

ਇਹੋ ਕਾਰਨ ਹੈ ਕਿ ਅਸੀਂ ਸ੍ਰੀ ਅੰਮ੍ਰਿਤਸਰ ਦਰਬਾਰ ਸਾਹਿਬ (ਹਰਿਮੰਦਰ ਸਾਹਿਬ) ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਨਿਕਟੀ ਸੇਵਾਦਾਰਾਂ ਨੂੰ ਪ੍ਰਾਜਾਮੇ ਸਜਾਏ, ਵੇਖਦੇ ਹਾਂ, ਪ੍ਰੰਤੂ ਇਹ ਗੱਲ ਵਿੱਦਿਤ ਰਹੇ ਕਿ ਉਨ੍ਹਾਂ ਦੇ ਇਸ ਸੇਵਾ, ਨਿਕਟਤਾ ਨਮਿੱਤ ਸਜਾਏ ਹੋਏ ਪਾਜਾਮੇ ਖ਼ਾਸ ਰੱਖੇ ਹੋਏ ਹੁੰਦੇ ਹਨ, ਜਿਨ੍ਹਾਂ ਨੂੰ ਉਹ ਸਿਰਫ਼ ਉਸ ਸੇਵਾ ਸਮੇਂ ਹੀ ਸਜਾਉਂਦੇ ਹਨ, ਆਮ ਖ਼ਾਸ ਵਰਤੋਂ ਵਿਚ ਨਹੀਂ ਲਿਆਉਂਦੇ। ਜੋ ਨਿਕਟੀ ਸੇਵਾਦਾਰ ਇਸ ਅਦਬ ਸਨਮਾਨਤਾ ਪੂਰਤ ਧਾਰਨਾ ਨੂੰ ਨਹੀਂ ਧਾਰਦਾ, ਉਹ ਗੁਰੂ ਸਾਹਿਬ ਦਾ ਪੂਰਾ ਦੇਣਦਾਰ ਹੁੰਦਾ ਹੈ। ਤਿਨ੍ਹਾਂ ਗੁਰੂ ਦਰਬਾਰੀ ਨਿਕਟੀ ਸੇਵਾਦਾਰਾਂ ਦੀ ਰੀਸੇ ਜੋ ਪੁਰਸ਼ ਨਿਝੱਕ ਹੋ ਕੇ, ਹਰ ਪ੍ਰਕਾਰ ਦਾ ਮੈਲਾ ਕੁਚੈਲਾ ਪਾਜਾਮਾ ਪਾ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਤਾਬੇ ਜਾ ਬੈਠਦੇ ਹਨ, ਉਹ ਲੋਕ ਅਦਬ ਸਨਮਾਨਤਾ ਵਾਲੀ ਰਹਿਤ-ਰਹਿਣੀ ਤੋਂ ਉੱਕੇ ਹੀ ਬੰਚਿਤ ਹਨ। ਤਿਨ੍ਹਾਂ ਦੀ ਅਨਿੰਨ ਭਗਤੀ ਕੀਤੀ ਹੋਈ ਕਦੇ ਵੀ ਪੂਰਨ ਤੌਰ ਤੇ ਫਲਦਾਇਕ ਨਹੀਂ ਹੁੰਦੀ।

(ਭਾ: ਸਾ: ਭਾ: ਰਣਧੀਰ ਸਿੰਘ ਜੀ)

www.AKJ.Org

Regd. No./12245/66 SURA/SEPT./99 P.O. Regd. No. PB/LD/121/99



# ਗੁਰਦੁਆਰਾ ਸ਼੍ਰੀ ਰਾਮਸਰ ਸਾਹਿਬ

ਇਹ ਪਵਿੱਤਰ ਅਸਥਾਨ ਚਾਟੀ ਵਿੰਡ ਗੇਟ ਦੇ ਅੰਦਰਵਾਰ ਹੈ। ਪਹਿਲਾਂ ਇਸ ਅਸਥਾਨ 'ਤੇ ਪੰਚ ਵਟੀ: ਬੇਰੀ, ਬੋਹੜ, ਪਿੱਪਲ, ਟਾਹਲੀ ਅਤੇ ਅੰਬ ਦੇ ਦਰੱਖਤ ਹੁੰਦੇ ਸਨ। ਗੁਰੂ ਅਰਜਨ ਦੇਵ ਜੀ ਨੇ ਬੇਰੀ ਦੇ ਦਰੱਖਤ ਦੇ ਹੇਠਾਂ, ਮੰਜੀ ਸਾਹਿਬ ਵਿਖੇ, ਬਿਰਾਜ ਕੇ ਸੁਖਮਨੀ ਸਾਹਿਬ ਦਾ ਉਚਾਰਨ ਕੀਤਾ। ਸੰਨ ੧੬੦੨ ਵਿੱਚ ਇਕ ਸਰੋਵਰ ਤਿਆਰ ਕਰਵਾਇਆ। ਸਰੋਵਰ ਤਿਆਰ ਹੋ ਜਾਣ 'ਤੇ ਇਸ ਸ਼ਾਂਤ ਮਾਹੌਲ ਵਿੱਚ ਸਤਿਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਗੁਰੂ ਰਾਮਦਾਸ ਦੀ ਤੱਕ ਦੀ ਸਾਰੀ ਇਲਾਹੀ ਬਾਣੀ ਦੀਆਂ ਪੋਥੀਆਂ ਲਿਆ ਕੇ, ਭਾਈ ਗੁਰਦਾਸ ਜੀ ਰਾਂਹੀਂ ਸਤਿਗੁਰੂ ਸਾਹਿਬਾਨ ਦੀ ਉਚਾਰਨ ਕੀਤੀ ਬਾਣੀ, ਆਪਣੀ ਰਚੀ ਬਾਣੀ ਅਤੇ ਭਗਤਾਂ ਦੀ ਬਾਣੀ ਨੂੰ ਤਰਤੀਬ ਦੇ ਕੇ 'ਪੋਥੀ ਸਾਹਿਬ' ਆਦਿ ਗ੍ਰੰਥ ਤਿਆਰ ਕਰਵਾਇਆ। ਸ੍ਰੀ ਗੁਰੂ ਅਮਰਦਾਸ ਜੀ ਦੀ ਰਾਮਕਲੀ ਅਨੰਦ ਸਾਹਿਬ ਵਿਚ ਦਿੱਤੀ ਕੱਚੀ ਬਾਣੀ ਸਬੰਧੀ ਚਿਤਾਵਨੀ ਗੁਰੂ ਅਰਜਨ ਸਾਹਿਬ ਦੇ ਸਾਹਮਣੇ ਸੀ। ਇਸ ਪੋਥੀ ਵਿੱਚ ਆਪਣੀ ਅਤੇ ਆਪਣੇ ਤੋਂ ਪਹਿਲੇ ਦੇ ਸਤਿਗੁਰੂ ਸਾਹਿਬਾਨ ਦੀ ਬਾਣੀ ਦਰਜ ਕਰਵਾ ਕੇ ਪੋਥੀ ਸਾਹਿਬ ਨੂੰ ਸਨਦਬੱਧ (ਪਰਮਾਣੀਕ) ਬਣਾ ਦਿੱਤਾ ਤਾਂ ਕਿ ਸਿੱਖ ਸੰਗਤਾਂ ਨੂੰ ਕੋਈ ਭੁਲੇਖਾ ਨਾ ਪਵੇ।

ਅਗਸਤ ੧੬੦੪ ਵਿੱਚ ਇਹ ਆਦਿ ਗ੍ਰੰਥ ਸੰਪੂਰਨ ਕਰਕੇ ਸ੍ਰੀ ਹਰਿਮੰਦਰ ਸਾਹਿਬ ਵਿਖੇ ਪਹਿਲੀ ਵਾਰ ਪ੍ਰਕਾਸ਼ ਕੀਤਾ। ਬਾਬਾ ਬੁੱਢਾ ਜੀ ਨੂੰ ਇਸ ਦੀ ਸੇਵਾ ਅਤੇ ਚੌਰ ਕਰਨ ਦਾ ਕਾਰਜ ਕਰਨ ਲਈ ਗ੍ਰੰਥੀ ਥਾਪਿਆ। ਮਜੂਦਾ ਸਮੇਂ ਇਸ ਪਾਵਨ ਅਸਥਾਨ ਉਤੇ ਉਸਾਰਿਆ ਗਿਆ ਛੇ ਮੰਜਲਾ ਸੁੰਦਰ ਸ੍ਰੀ ਗੁਰੂ ਗ੍ਰੰਥ ਸਾਹਿਬ ਭਵਨ ਸੁਭਾਇਮਾਨ ਹੈ।



www.AKJ.org